# SIMPLIFIED STUDY MATERIAL (2025-26)
## CLASS: 9th SOCIAL SCIENCE
## ਭਾਗ-ੳ (ਭੂਗੋਲ)

**ਸਹੀ ਵਿਕਲਪ ਦੀ ਚੋਣ ਕਰੋ-**

**1. ਸੌਰਾਸ਼ਟਰ ਹੇਠ ਲਿਖਿਆਂ ਵਿੱਚੋਂ ਕਿਸ ਰਾਜ ਦਾ ਹਿੱਸਾ ਹੈ?**

1.ਮਨੀਪੁਰ | **2. ਗੁਜਰਾਤ** | 3. ਮਹਾਰਾਸ਼ਟਰ | 4. ਨਾਗਾਲੈਂਡ

**2. ਕਿਹੜਾ ਸ਼ਹਿਰ ਕਿਸੇ ਰਾਜ ਦੀ ਰਾਜਧਾਨੀ ਨਹੀਂ ਹੈ?**

1. ਰਾਇਪੁਰ | **2. ਅਹਿਮਦਾਬਾਦ** | 4. ਰਾਂਚੀ | 4. ਪਣਜੀ

**3. ਭਾਰਤ ਦਾ ਕਿਹੜਾ ਵਿਥਕਾਰੀ (ਅਕਸ਼ਾਂਸ਼ੀ) ਪਸਾਰ ਸਹੀ ਹੈ?**

**1. 8°4 ਉ ਤੋਂ 37°6' ਉ ਤੱਕ** | 2. 6°2' ਉ ਤੋਂ 35°2' ਉ ਤੱਕ

3. 8°4 ਦੱ ਤੋਂ 37°6' ਦੱ ਤੱਕ | 4. 6°2' ਦੱ ਤੋਂ 35°2' ਦੱ ਤੱਕ

**4. ਹੇਠ ਲਿਖਿਆਂ ਵਿਚੋਂ ਕਿਹੜਾ ਜ਼ਿਲ੍ਹਾ ਕੌਮਾਂਤਰੀ ਸਰਹੱਦ ਨਾਲ਼ ਨਹੀਂ ਲੱਗਦਾ?**

1. ਪਠਾਨਕੋਟ | **2. ਫ਼ਰੀਦਕੋਟ** | 3.ਫਾਜਿਲਕਾ | 4. ਤਰਨਤਾਰਨ

**5.ਹੇਠ ਲਿਖਿਆਂ ਵਿੱਚੋਂ ਕਿਹੜਾ ਮੈਦਾਨੀ ਭਾਗ ਨਹੀਂ ਹੈ ?**

1. ਭਾਬਰ | 2. ਬਾਂਗਰ | **3.ਕੇਆਲ** | 4. ਕੱਲਰ

**6.ਇਨ੍ਹਾਂ ਵਿੱਚੋਂ ਕਿਹੜੀ ਝੀਲ ਨਹੀਂ ਹੈ?**

**1.ਸੈਡਲ** | 2.ਸਾਂਬਰ | 3.ਚਿਲਕਾ | 4.ਵੈਬਾਨੰਦ

**7.ਇਨ੍ਹਾਂ ਵਿੱਚੋਂ ਕਿਹੜਾ ਨਾਂ ਬਾਕੀਆਂ ਨਾਲੋਂ ਵੱਖਰੀ ਪਛਾਣ ਵਾਲਾ ਹੈ-**

1.ਸ਼ਾਰਦਾ | **2.ਕਾਵੇਰੀ** | 3.ਗੋਮਤੀ | 4. ਯਮੁਨਾ

**8.ਕਿਹੜੀ ਪਰਬਤ ਸ਼੍ਰੇਣੀ ਹਿਮਾਲਿਆ ਨਹੀਂ ਹੈ?**

1. ਰਕਸ਼ਪੋਸ਼ੀ | 2.ਡਫਲਾ | 3.ਜਾਸਕਰ | **4.ਨੀਲਗਿਰੀ**

**9. ਇਨ੍ਹਾਂ ਵਿੱਚੋਂ ਕਿਹੜਾ ਦਰਿਆ ਗੰਗਾ ਦੀ ਸਹਾਇਕ ਨਦੀ ਨਹੀਂ ਹੈ:**

1. ਜਮੁਨਾ (ਯਮੁਨਾ) | **2. ਬਿਆਸ** | 3. ਗੰਡਕ | 4. ਸੋਨ

**10.ਇਨ੍ਹਾਂ ਵਿੱਚੋਂ ਕਿਹੜੀ ਝੀਲ ਕੁਦਰਤੀ ਨਹੀਂ ਹੈ:**

1.ਰੇਣੁਕਾ | 2. ਚਿਲਕਾ | 3. ਡਲ | **4. ਰਣਜੀਤ ਸਾਗਰ**

**11. ਭਾਰਤ ਵਿੱਚ ਸਭ ਤੋਂ ਵੱਡਾ ਨਦੀ ਤੰਤਰ ਕਿਹੜਾ ਹੈ?**

**1.ਗੰਗਾ ਜਲਤੰਤਰ** | 2. ਗੋਦਾਵਰੀ ਤੰਤਰ | 3.ਬ੍ਰਹਮਪੁੱਤਰ ਤੰਤਰ | 4. ਸਿੰਧ ਜਲਤੰਤਰ

12. **ਕਿਹੜਾ ਦਰਿਆ ਮਾਨਸਰੋਵਰ ਲਾਗੇ ਰਕਸ਼ਤਾਲ ਝੀਲ ਵਿੱਚੋਂ ਉਪਜਦਾ ਹੈ?**

1. ਘੱਗਰ | 2. ਬਿਆਸ | **3. ਸਤਲੁਜ** | 4. ਬ੍ਰਹਮਪੁੱਤਰ

13. **ਮੌਜੂਦਾ ਪੰਜਾਬ ਵਿੱਚ ਕੁੱਲ ਕਿੰਨ੍ਹੇ ਦਰਿਆ ਹਨ:**

**1. ਤਿੰਨ** | 2. ਚਾਰ | 3. ਪੰਜ | 4. ਸੱਤ

14. **ਰਣਜੀਤ ਸਾਗਰ ਜਾਂ ਥੀਨ ਡੈਮ ਦਾ ਨਿਰਮਾਣ ਕਿਹੜੇ ਦਰਿਆ ਤੇ ਹੋਇਆ ਹੈ :**

1. ਬਿਆਸ | **2. ਰਾਵੀ** | 3. ਸਤਲੁਜ | 4. ਇਨ੍ਹਾਂ ਵਿੱਚੋਂ ਕੋਈ ਵੀ ਨਹੀਂ

15. **ਭੰਗੀ ਚੋਅ ਤੇ ਬਾਸ਼ਾ ਚੋਅ ਕਿਹੜੇ ਜ਼ਿਲ੍ਹੇ ਵਿੱਚ ਪੈਂਦੇ ਹਨ:**

1. ਫ਼ਿਰੋਜ਼ਪੁਰ | 2.ਗੁਰਦਾਸਪੁਰ | **3.ਹੁਸ਼ਿਆਰਪੁਰ** | 4. ਇਨ੍ਹਾਂ ਵਿੱਚੋਂ ਕੋਈ ਵੀ ਨਹੀਂ

16. **ਸਰਦੀਆਂ ਵਿੱਚ ਤਾਮਿਲਨਾਡੂ ਦੇ ਤੱਟ 'ਤੇ ਵਰਖਾ ਦਾ ਕੀ ਕਾਰਨ ਹੈ, ਚੁਣੋ:**

1. ਦੱਖਣੀ ਪੱਛਮੀ ਮੌਨਸੂਨ | **2. ਉੱਤਰ-ਪੂਰਬੀ ਮੌਨਸੂਨ** | 3. ਸਥਾਨਕ ਕਾਰਨ | 4. ਇਨ੍ਹਾਂ ਵਿੱਚੋਂ ਕੋਈ ਨਹੀਂ

**17. ਭਾਰਤ ਵਿੱਚ ਅਧਿਕਤਮ ਵਰਖਾ ਵਾਲਾ ਸ਼ਹਿਰ ਇਨ੍ਹਾਂ ਵਿੱਚੋਂ ਕਿਹੜਾ ਹੈ:**

1. ਮੁੰਬਈ | 2. ਧਰਮਸ਼ਾਲਾ | **3.ਮਸੀਨਰਮ** | 4.ਕੋਲਕਾਤਾ

18.**ਪੰਜਾਬ ਵਿੱਚ ਸਰਦੀਆਂ ਦੀ ਵਰਖਾ ਦਾ ਕੀ ਕਾਰਨ ਹੈ, ਚੁਣੋ:**

1. ਵਪਾਰਕ ਪੌਣਾਂ | **2. ਪੱਛਮੀ ਚੱਕਰਵਾਤ ਧਰੁਵੀ ਪੌਣਾਂ** | 3. ਪਰਬਤਾਂ ਦੀ ਦਿਸ਼ਾ | 4. ਇਨ੍ਹਾਂ ਵਿੱਚੋਂ ਕੋਈ ਨਹੀਂ

19 **ਸੁਨਾਮੀ ਕਿਹੜੀ ਭਾਸ਼ਾ ਦਾ ਸ਼ਬਦ ਹੈ?**

1. ਫਰਾਂਸੀਸੀ  **2. ਜਾਪਾਨੀ**  3. ਪੰਜਾਬੀ  4. ਅੰਗਰੇਜ਼ੀ

20. **ਨਕਸ਼ੇ ਉੱਤੇ ਸਾਮਾਨ ਵਰਖਾ ਖੇਤਰਾਂ ਨੂੰ ਜੋੜਨ ਵਾਲੀ ਰੇਖਾ ਨੂੰ ਕੀ ਆਖਦੇ ਹਨ?**

1.ਆਈਸੋਥਰਮ  **2. ਆਈਸੋਹਾਈਟ**  3. ਧਰੁਵੀ ਪੌਣਾਂ  **4.**ਇਨ੍ਹਾਂ ਵਿੱਚੋਂ ਕੋਈ ਨਹੀਂ

21. **ਇਨ੍ਹਾਂ ਵਿੱਚੋਂ ਕਿਹੜੇ ਰਾਜ ਦੀ ਸਭ ਤੋਂ ਵੱਧ ਵਸੋਂ 2011 ਦੀ ਜਨਗਣਨਾ ਅਨੁਸਾਰ ਹੈ?**

1) ਉੱਤਰ ਪ੍ਰਦੇਸ਼  **2) ਬਿਹਾਰ**  3) ਬੰਗਾਲ  4) ਕੇਰਲ

22. **ਇਕ ਸਥਾਨ ਤੋਂ ਨਵੀਂ ਥਾਂ ਤੇ ਜਾ ਕੇ ਵੱਸਣ ਦੀ ਕਿਰਿਆ ਨੂੰ ਕੀ ਕਿਹਾ ਜਾਂਦਾ ਹੈ?**

1) ਆਵਾਸ  2) ਸੁਤੰਤਰਤਾ  3) ਸ਼ਹਿਰੀਕਰਨ  **4) ਪਰਵਾਸ**

23. **ਸੰਨ 2011 ਦੀ ਜਨਗਣਨਾ ਅਨੁਸਾਰ ਪੰਜਾਬ ਦੇ ਕਿੰਨ੍ਹੇ ਫ਼ੀਸਦੀ ਕਾਮੇ ਖੇਤੀ ਦੇ ਸੰਬੰਧਿਤ ਕਿੱਤਿਆਂ ਵਿੱਚ ਸਨ?**

**1) 35.5**  2) 40.5  3) 30.5  4) 27.5

## 2. ਵਸਤੂਨਿਸ਼ਠ ਪ੍ਰਸ਼ਨ -

**1. ਭਾਰਤ ਦਾ ਸਰਕਾਰੀ ਜਾਂ ਸੰਵਿਧਾਨਿਕ ਨਾਂ ਕੀ ਹੈ?**

ਉੱਤਰ: ਭਾਰਤ ਗਣਰਾਜ ।

**2. ਖੇਤਰਫ਼ਲ ਪੱਖੋਂ ਸੰਸਾਰ ਵਿੱਚ ਤੀਸਰੇ ਸਥਾਨ 'ਤੇ ਕਿਹੜਾ ਦੇਸ਼ ਹੈ?**

ਉੱਤਰ: ਚੀਨ ।

**3. ਉਹ ਕਿਹੜਾ ਦੇਸ਼ ਹੈ ਜਿਹੜਾ ਖੇਤਰਫ਼ਲ ਤੇ ਆਬਾਦੀ ਪੱਖੋਂ ਪੰਜਵਾਂ ਸਥਾਨ ਰੱਖਦਾ ਹੈ?**

ਉੱਤਰ: ਬ੍ਰਾਜ਼ੀਲ।

**4. ਪੰਜਾਬ ਦਾ ਸ਼ਾਬਦਿਕ ਅਰਥ ਕੀ ਹੈ?**

**ਉੱਤਰ**: ਪੰਜਾਬ ਫ਼ਾਰਸੀ ਭਾਸ਼ਾ ਦੇ ਦੋ ਸ਼ਬਦਾਂ ਪੰਜ+ਆਬ ਦੇ ਸੁਮੇਲ ਤੋਂ ਬਣਿਆ ਹੈ ਜਿਸਦਾ ਅਰਥ ਹੈ- ਪੰਜ ਦਰਿਆਵਾਂ ਦੀ ਧਰਤੀ।

**5. ਪੈਪਸੂ ਦਾ ਪੂਰਾ ਨਾਮ ਕੀ ਹੈ?**

**ਉੱਤਰ:** PEPSU-Patiala And East Punjab States Union

**6. ਪੰਜਾਬ ਦਾ ਅਕਸ਼ਾਂਸ਼ੀ ਅਤੇ ਦੇਸ਼ਾਂਤਰੀ ਵਿਸਥਾਰ ਕੀ ਹੈ?**

**ਉੱਤਰ**: ਪੰਜਾਬ 29° 30'( ਉਨੱਤੀ ਡਿਗਰੀ ਤੀਹ ਮਿੰਟ) ਉੱਤਰੀ ਅਕਸ਼ਾਂਸ਼ ਤੋਂ ਲੈ ਕੇ 32° 32'ਉੱਤਰ ਅਕਸ਼ਾਂਸ਼ ਤੱਕ ਅਤੇ 73°55' ਪੂਰਬ ਤੋਂ ਲੈ ਕੇ 76°50' ਪੂਰਬ ਵਿੱਚ ਸਥਿੱਤ ਹੈ।

**7. ਰਾਵੀ, ਬਿਆਸ ਅਤੇ ਸਤਲੁਜ ਦੇ ਪੁਰਾਣੇ ਨਾਮ ਕੀ ਹਨ?**

**ਉੱਤਰ:** ਰਾਵੀ- ਪੁਰੁਸ਼ਨੀ,  ਬਿਆਸ- ਵਿਪਾਸਾ,  ਸਤਲੁਜ- ਸੁਤੁਦਰੀ

**8. ਭਾਰਤ ਨੂੰ ਭੂ-ਆਕ੍ਰਿਤਿਕ ਆਧਾਰ 'ਤੇ ਵੰਡ ਕੇ ਦੋ ਭਾਗਾਂ ਦੇ ਨਾਮ ਲਿਖੋ।**

ਉੱਤਰ : 1. ਹਿਮਾਲਿਆ ਪਰਬਤੀ ਖੇਤਰ

2. ਉੱਤਰੀ ਵਿਸ਼ਾਲ ਮੈਦਾਨ ਅਤੇ ਮਾਰੂਥਲ

**9. ਜੇ ਤੁਸੀਂ ਗੁਰੂ ਸ਼ਿਖ਼ਰ ਉੱਤੇ ਹੋਵੋ ਤਾਂ ਤੁਸੀਂ ਕਿਹੜੀ ਪਹਾੜੀ ਲੜੀ ਵਿੱਚ ਹੋਵੋਗੇ ?**

ਉੱਤਰ- ਮਾਊਂਟ ਆਬੂ (ਅਰਾਵਲੀ ਪਰਬਤ ਲੜੀ)।

**10. ਭਾਰਤੀ ਉੱਤਰੀ ਮੈਦਾਨ ਦੀ ਮੋਟੇ ਤੌਰ 'ਤੇ ਲੰਬਾਈ- ਚੌੜਾਈ ਕਿੰਨ੍ਹੀ ਹੈ ?**

ਉੱਤਰ -ਲੰਬਾਈ 2400 ਕਿਲੋਮੀਟਰ ਅਤੇ ਚੌੜਾਈ 150 ਤੋਂ 300 ਕਿਲੋਮੀਟਰ ।

**11. ਭਾਰਤੀ ਟਾਪੂਆਂ ਨੂੰ ਕਿਹੜੇ-ਕਿਹੜੇ ਭਾਗਾਂ ਵਿੱਚ ਵੰਡਿਆ ਜਾਂਦਾ ਹੈ ?**

ਉੱਤਰ-  1.ਅੰਡੇਮਾਨ ਨਿਕੋਬਾਰ ਦੀਪ ਸਮੂਹ  2.ਲਕਸ਼ਦੀਪ ਸਮੂਹ

**12. ਪੁਰਾਣੇ ਜਲੌਢ ਨਾਲ ਨਿਰਮਿਤ ਇਲਾਕੇ ਨੂੰ ਕੀ ਕਿਹਾ ਜਾਂਦਾ ਹੈ ?**

ਉੱਤਰ- ਬਾਂਗਰ।

13. **ਖਾਡਰ ਜਾਂ ਬੇਟ ਤੋਂ ਕੀ ਭਾਵ ਹੈ?**

ਉੱਤਰ- ਖਾਡਰ ਜਾਂ ਬੇਟ ਨਦੀਆਂ ਦੇ ਕੰਢਿਆਂ ਦਾ ਹੇਠਲਾ ਇਲਾਕਾ ਹੁੰਦਾ ਹੈ। ਇਹ ਨਵੀਂ ਜਲੌਢ ਮਿੱਟੀ ਦੇ ਮੈਦਾਨ ਹਨ ਜੋ ਹੜ੍ਹਾਂ ਦੇ ਪਾਣੀ ਆਉਣ ਕਾਰਨ ਬਣਦੇ ਹਨ।

**14.ਪੰਜਾਬ ਦੇ ਮੈਦਾਨਾਂ ਨੂੰ ਕਿਹੜੇ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ ?**

ਉੱਤਰ - ਪੰਜਾਬ ਦੇ ਮੈਦਾਨਾਂ ਨੂੰ ਪੰਜ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ –

1. ਚੋਆਂ ਵਾਲੇ ਇਲਾਕੇ ਦੇ ਮੈਦਾਨ 2. ਹੜ੍ਹ ਦੇ ਮੈਦਾਨ 3. ਨੈਲੀ 4. ਜਲੌਢ ਦੇ ਮੈਦਾਨ 5. ਰੇਤਲੇ ਟਿੱਬੇ

**15. ਪੰਜਾਬ ਵਿੱਚ ਰੇਤਲੇ ਟਿੱਬੇ ਕਿਹੜੇ ਪਾਸੇ ਹਨ ?**

ਉੱਤਰ- ਰੇਤਲੇ ਟਿੱਬੇ ਪੰਜਾਬ ਦੇ ਦੱਖਣ-ਪੱਛਮ ਵਿੱਚ ਰਾਜਸਥਾਨ ਦੀ ਸਰਹੱਦ ਦੇ ਨਾਲ-ਨਾਲ ਪਾਏ ਜਾਂਦੇ ਹਨ ।

**16.ਚੰਗਰ ਕਿਸ ਨੂੰ ਕਹਿੰਦੇ ਹਨ ?**

ਉੱਤਰ: ਆਨੰਦਪੁਰ ਸਾਹਿਬ ਦੇ ਨੇੜੇ ਕੰਢੀ ਖੇਤਰ ਨੂੰ ।

**17. ਸੰਸਾਰ ਦਾ ਸਭ ਤੋਂ ਵੱਡਾ ਡੈਲਟਾ ਕਿਹੜਾ ਹੈ?**

**ਉੱਤਰ** : ਸੁੰਦਰਬਨ ਡੈਲਟਾ।

**18. ਦੋਆਬ ਕਿਸ ਨੂੰ ਆਖਦੇ ਹਨ?**

**ਉੱਤਰ** : ਦੋ ਦਰਿਆਵਾਂ ਦੇ ਵਿੱਚਕਾਰਲੇ ਇਲਾਕੇ ਨੂੰ।

**19. ਸਿੰਧ ਦਰਿਆ ਦੀ ਕੁੱਲ ਲੰਬਾਈ ਕਿੰਨ੍ਹੀ ਹੈ ਤੇ ਭਾਰਤ ਵਿੱਚ ਇਸ ਦਾ ਕਿੰਨ੍ਹਾ ਹਿੱਸਾ ਪੈਂਦਾ ਹੈ?**

**ਉੱਤਰ** : ਸਿੰਧ ਦਰਿਆ ਦੀ ਕੁੱਲ ਲੰਬਾਈ 2880 ਕਿਲੋਮੀਟਰ ਅਤੇ ਭਾਰਤ ਵਿੱਚ ਇਸ ਦੀ ਲੰਬਾਈ 709 ਕਿਲੋਮੀਟਰ ਹੈ ।

**20. ਪ੍ਰਾਇਦੀਪੀ ਭਾਰਤ ਦੀਆਂ ਤਿੰਨ ਨਦੀਆਂ ਦੱਸੋ ਜੋ ਬੰਗਾਲ ਦੀ ਖਾੜੀ ਵਿੱਚ ਡਿੱਗਦੀਆਂ ਹਨ।**

**ਉੱਤਰ** : ਗੋਦਾਵਰੀ, ਕ੍ਰਿਸ਼ਨਾ, ਕਾਵੇਰੀ ਅਤੇ ਮਹਾਂਨਦੀ।

**21. ਸਿੰਧ ਦਰਿਆ ਕਿਹੜੇ ਗਲੇਸ਼ੀਅਰ 'ਚੋਂ ਜਨਮ ਲੈਂਦਾ ਹੈ ?**

**ਉੱਤਰ** : ਬੋਖਰ-ਛੂ ਹਿਮਨਦੀ (ਤਿੱਬਤ)।

**22. ਕੋਈ ਦੋ ਮੌਸਮੀ ਦਰਿਆਵਾਂ ਦੇ ਨਾਮ ਲਿਖੋ।**

**ਉੱਤਰ** : ਮਹਾਂਨਦੀ ਅਤੇ ਗੋਦਾਵਰੀ

**23. ਮਹਾਂਨਦੀ ਦਾ ਜਨਮ ਸਥਾਨ ਕੀ ਹੈ? ਇਸਦੀਆਂ ਦੋ ਸਹਾਇਕ ਨਦੀਆਂ ਦੱਸੋ।**

**ਉੱਤਰ** : ਮਹਾਂਨਦੀ ਛੱਤੀਸਗੜ੍ਹ ਰਾਜ ਦੇ ਦੰਡਾਕਾਰਨਿਆਂ ਤੋਂ ਨਿਕਲਦੀ ਹੈ। ਇਬ ਅਤੇ ਸ਼ਿਉਨਾਥ ਇਸ ਦੀਆਂ ਸਹਾਇਕ ਨਦੀਆਂ ਹਨ।

**24. ਭਾਰਤ ਦੀਆਂ ਪੰਜ ਪ੍ਰਮੁੱਖ ਕੁਦਰਤੀ ਝੀਲਾਂ ਦੇ ਨਾਮ ਲਿਖੋ।**

**ਉੱਤਰ** : ਚੰਦਰਤਾਲ, ਡੱਲ, ਪੁਲੀਕੱਟ, ਚਿਲਕਾ ਅਤੇ ਪੁਸ਼ਕਰ।

25. **ਬਿਸਤ ਦੋਆਬ ਵਿੱਚ ਬਿਸਤ ਤੋਂ ਕੀ ਭਾਵ ਹੈ?**

**ਉੱਤਰ:** ਬਿਸਤ ਤੋਂ ਭਾਵ ਹੈ ਬਿਆਸ ਅਤੇ ਸਤਲੁਜ ਦਰਿਆ।

26. **ਹਰੀਕੇ ਝੀਲ 'ਚੋਂ ਰਾਜਸਥਾਨ ਨੂੰ ਪਾਣੀ ਲਿਜਾਂਦੀਆਂ ਨਹਿਰਾਂ ਦੇ ਨਾਂ ਲਿਖੋ।**

**ਉੱਤਰ** : ਇੰਦਰਾ ਗਾਂਧੀ ਕਮਾਂਡ ਨਹਿਰ ।

27. **ਪੰਜਾਬ ਦੀ ਕਿਹੜੀ ਨਹਿਰ ਹਰਿਆਣਾ ਰਾਜ ਨੂੰ ਜਲ ਪ੍ਰਦਾਨ ਕਰਦੀ ਹੈ?**

**ਉੱਤਰ** : ਘੱਗਰ।

28. **ਅੱਪਰਬਾਰੀ ਦੁਆਬ ਨਹਿਰ ਦਾ ਸਰੋਤ ਕੀ ਹੈ?**

**ਉੱਤਰ** : ਮਾਧੋਪੁਰ ਹੈੱਡਵਰਕਸ।

29. **ਪੌਂਗ ਡੈਮ ਦਾ ਨਿਰਮਾਣ ਕਿਹੜੇ ਦਰਿਆ ਉੱਤੇ ਕੀਤਾ ਗਿਆ ਹੈ?**

**ਉੱਤਰ** : ਬਿਆਸ ਦਰਿਆ ਤੇ।

30. **ਲੂ ਕੀ ਹੁੰਦੀ ਹੈ?**

**ਉੱਤਰ:** ਬਹੁਤ ਗਰਮ ਖੁਸ਼ਕ ਅਤੇ ਤੇਜ਼ ਚਲਦੀਆਂ ਪੌਣਾਂ ਨੂੰ ਲੂ ਕਿਹਾ ਜਾਂਦਾ ਹੈ।

31. **ਜਲਵਾਯੂ ਵਿਗਿਆਨ ਨੂੰ ਅੰਗਰੇਜ਼ੀ ਵਿਚ ਕੀ ਆਖਦੇ ਹਨ?**

**ਉੱਤਰ:** Climatology

32. **ਮੌਨਸੂਨ ਦਾ** ਕੀ **ਅਰਥ ਹੈ?**

**ਉੱਤਰ:** ਮਾਨਸੂਨ ਤੋਂ ਭਾਵ ਮੌਸਮੀ ਪੌਣਾਂ ਤੋਂ ਹੈ ਜੋ ਮੌਸਮ ਬਦਲਣ 'ਤੇ ਦਿਸ਼ਾ ਬਦਲ ਲੈਂਦੀਆਂ ਹਨ।

33. **ਭਾਰਤ ਦੇ ਸਭ ਤੋਂ ਵੱਧ ਅਤੇ ਸਭ ਤੋਂ ਘੱਟ ਵਰਖਾ ਵਾਲੇ ਦੋ ਸਥਾਨਾਂ ਦੇ ਨਾਂ ਲਿਖੋ।**

**ਉੱਤਰ:** **ਸਭ ਤੋਂ ਵੱਧ ਵਰਖਾ ਵਾਲੇ ਖੇਤਰ:-** ਮੇਘਾਲਿਆ, ਆਸਾਮ

**ਬਹੁਤ ਘੱਟ ਵਰਖਾ ਵਾਲੇ ਖੇਤਰ:-** ਪੱਛਮੀ ਰਾਜਸਥਾਨ, ਲੱਦਾਖ

34. **ਧਰਤੀ ਦਾ ਉਹ ਮੰਡਲ ਕਿਹੜਾ ਹੈ ਜਿਸ ਵਿੱਚ ਜੀਵਨ ਹੈ?**

**ਉੱਤਰ**-ਜੀਵ ਮੰਡਲ।

35. **ਪੰਜਾਬ ਦੇ ਕਿਹੜੇ ਜ਼ਿਲ੍ਹੇ ਵਿੱਚ ਸਭ ਤੋਂ ਵੱਧ ਜੰਗਲ ਮਿਲਦੇ ਹਨ?**

**ਉੱਤਰ- ਹੁਸ਼ਿਆਰਪੁਰ।**

36. **ਚਿੰਕਾਰਾ ਕਿਹੜੇ ਜਾਨਵਰ ਦੀ ਕਿਸਮ ਹੈ?**

ਉੱਤਰ- ਛੱਲੇਦਾਰ ਸਿੰਗਾਂ ਵਾਲਾ ਹਿਰਨ।

37. **ਬੀੜ ਕੀ ਹੁੰਦੀ ਹੈ?**

**ਉੱਤਰ-** ਕਿਸੇ ਖੇਤਰ ਵਿੱਚ ਸੰਘਣੀ ਬਨਸਪਤੀ ਦੇ ਜੋ ਛੋਟੇ-ਵੱਡੇ ਟੁਕੜੇ ਮਿਲਦੇ ਹਨ, ਉਹਨਾਂ ਨੂੰ ਸਥਾਨਕ ਲੋਕਾਂ ਦੁਆਰਾ ਬੀੜ ਜਾਂ ਝਿੜੀ ਦਾ ਨਾਮ ਦਿੱਤਾ ਜਾਂਦਾ ਹੈ।

38. **ਉਪ-ਊਸ਼ਣ ਝਾੜੀਦਾਰ ਪਰਬਤੀ ਬਨਸਪਤੀ ਵਿੱਚ ਮਿਲਦੇ ਘਾਹ ਦਾ ਨਾਮ ਲਿਖੋ?**

ਉੱਤਰ- ਸਰਕੰਡਾ।

39. **ਪੰਜਾਬ ਦੇ ਕੁੱਲ ਖੇਤਰਫਲ ਦਾ ਕਿੰਨ੍ਹੇ ਫੀਸਦੀ ਰਕਬਾ ਵਣਾਂ ਹੇਠ ਹੈ?**

ਉੱਤਰ-6.07%

40. **ਝਾੜੀਦਾਰ ਤੇ ਕੰਡੇਦਾਰ ਜੰਗਲੀ ਇਲਾਕਿਆਂ ਵਿੱਚ ਕਿਹੜੇ ਜਾਨਵਰ ਮਿਲਦੇ ਹਨ?**

ਉੱਤਰ- ਊਠ, ਸ਼ੇਰ, ਬੱਬਰ ਸ਼ੇਰ, ਚੂਹੇ, ਖ਼ਰਗੋਸ਼ ਆਦਿ।

41. **ਮਾਦਾ-ਭਰੂਣ ਹੱਤਿਆ ਤੋਂ ਕੀ ਭਾਵ ਹੈ ?**

**ਉੱਤਰ:** ਮਾਦਾ ਭਰੂਣ-ਹੱਤਿਆ ਦਾ ਅਰਥ ਹੈ, ਲੜਕੀ ਨੂੰ ਜਨਮ ਤੋਂ ਪਹਿਲਾਂ ਹੀ ਕੁੱਖ ਵਿੱਚ ਮਾਰ ਦੇਣਾ।

42. **ਦੇਸ਼ ਦਾ ਸਮਾਜਿਕ ਤੇ ਆਰਥਿਕ ਵਿਕਾਸ ਪਤਾ ਕਰਨ ਲਈ ਜ਼ਰੂਰੀ ਤੱਤ ਕਿਹੜੇ-ਕਿਹੜੇ ਹਨ?**

**ਉੱਤਰ:** ਸਾਖਰਤਾ, ਸਿਹਤ ਅਤੇ ਕਿੱਤੇ ਜਾਂ ਕੰਮ।

43. **ਵਿਸ਼ਵ ਜਨਸੰਖਿਆ ਦਿਵਸ ਕਦੋਂ ਮਨਾਇਆ ਜਾਂਦਾ ਹੈ?**

**ਉੱਤਰ:** 11 ਜੁਲਾਈ

## ਤਿੰਨ ਅੰਕ ਵਾਲੇ ਮਹੱਤਵਪੂਰਨ ਪ੍ਰਸ਼ਨ -

**1. ਸਾਰਕ (SAARC) ਬਾਰੇ ਇੱਕ ਸੰਖੇਪ ਨੋਟ ਲਿਖੋ।**

ਉੱਤਰ: ਸਾਰਕ ਦਾ ਪੂਰਾ ਨਾਮ ਦੱਖਣ ਏਸ਼ੀਆਈ ਖੇਤਰੀ ਸਹਿਯੋਗ ਸੰਗਠਨ ਹੈ।ਸਾਰਕ ਦੱਖਣੀ ਏਸ਼ੀਆ ਦੇ ਅੱਠ ਦੇਸ਼ਾਂ ਭਾਰਤ, ਪਾਕਿਸਤਾਨ, ਅਫ਼ਗ਼ਾਨਿਸਤਾਨ, ਬੰਗਲਾਦੇਸ਼, ਭੂਟਾਨ, ਮਾਲਦੀਵ, ਸ੍ਰੀ ਲੰਕਾ ਤੇ ਨੇਪਾਲ ਦਾ ਸਮੂਹ ਹੈ। ਇਹ ਸੰਗਠਨ 8 ਦਸੰਬਰ,1985 ਨੂੰ ਬਣਿਆ। ਇਸ ਸੰਗਠਨ ਦਾ ਮੁੱਖ ਉਦੇਸ਼ ਦੱਖਣੀ ਏਸ਼ੀਆਈ ਦੇਸ਼ਾਂ ਵਿੱਚ ਸਹਿਯੋਗ ਅਤੇ ਸ਼ਾਂਤੀ ਸਥਾਪਿਤ ਕਰਨਾ ਹੈ। ਇਸਦਾ ਮੁੱਖ ਦਫ਼ਤਰ ਕਾਠਮੰਡੂ (ਨੇਪਾਲ) ਵਿੱਚ ਹੈ।

**2. ਪੈਪਸੂ ਬਾਰੇ ਵਿਸਤ੍ਰਿਤ ਜਾਣਕਾਰੀ ਦਿਓ।**

**ਉੱਤਰ:** ਵੰਡ ਤੋਂ ਬਾਅਦ ਪੂਰਬੀ ਪੰਜਾਬ ਦੀਆਂ ਰਾਜਸ਼ਾਹੀ ਰਿਆਸਤਾਂ ਪਟਿਆਲਾ, ਨਾਭਾ, ਮਲੇਰਕੋਟਲਾ, ਜੀਂਦ, ਕਪੂਰਥਲਾ, ਫ਼ਰੀਦਕੋਟ, ਨਾਲਾਗੜ੍ਹ ਅਤੇ ਕਲਸੀਆਂ ਨੂੰ ਇਕੱਠਾ ਕਰਕੇ ਇੱਕ ਨਵਾਂ ਪ੍ਰਾਂਤ ਪੈਪਸੂ (PEPSU: ਪਟਿਆਲਾ ਅਤੇ ਈਸਟ ਪੰਜਾਬ ਸਟੇਟਸ ਯੂਨੀਅਨ) ਬਣਾ ਦਿੱਤਾ ਗਿਆ। ਸੰਨ 1956 ਵਿੱਚ ਭਾਰਤ ਦੇ ਸਾਰੇ ਰਾਜਾਂ ਦਾ ਪੁਨਰਗਠਨ ਕੀਤਾ ਗਿਆ ਤਾਂ ਪੈਪਸੂ ਰਾਜ ਦੀ ਹੋਂਦ ਖ਼ਤਮ ਕਰਕੇ ਇਸਨੂੰ ਪੰਜਾਬ ਵਿੱਚ ਮਿਲਾ ਦਿੱਤਾ ਗਿਆ।

**3.ਹਿਮਾਲਿਆ ਪਰਬਤ ਦੀ ਉਤਪਤੀ 'ਤੇ ਨੋਟ ਲਿਖੋ।**

ਉੱਤਰ:ਜਿੱਥੇ ਅੱਜ ਹਿਮਾਲਿਆ ਹੈ ਉੱਥੇ ਕਦੇ ਦੋ ਵੱਡੇ ਭੂ-ਖੰਡਾਂ ਨਾਲ ਘਿਰਿਆ ਇੱਕ ਲੰਮਾ ਚੌੜਾ ਟੈਥੀਜ਼ ਨਾਂ ਦਾ ਸਮੁੰਦਰ ਹੁੰਦਾ ਸੀ। ਇਸ ਦੇ ਉੱਤਰ ਵਿੱਚ ਅੰਗਾਰਾ ਲੈਂਡ ਅਤੇ ਦੱਖਣ ਵਿੱਚ ਗੋਂਡਵਾਨਾ ਲੈਂਡ ਨਾਂ ਦੇ ਦੋ ਭੂ-ਖੰਡ ਸਨ। ਲੱਖਾਂ ਸਾਲਾਂ ਤੱਕ ਇਨ੍ਹਾਂ ਭੂ-ਖੰਡਾਂ ਵਿੱਚੋਂ ਛਿੱਜਣ ਦੁਆਰਾ ਕੰਕਰ, ਪੱਥਰ ਮਿੱਟੀ ਅਤੇ ਗਾਰ ਆਦਿ ਟੈਥੀਜ਼ ਸਾਗਰ ਵਿੱਚ ਜਮ੍ਹਾਂ ਹੁੰਦੇ ਰਹੇ। ਹੌਲੀ-ਹੌਲੀ ਇਹ ਦੋਵੇਂ ਭੂ-ਖੰਡ ਇੱਕ ਦੂਜੇ ਵੱਲ ਖਿਸਕਣ ਲੱਗੇ। ਜਿਸ ਕਾਰਨ ਸਾਗਰ ਵਿੱਚ ਜੰਮੀ ਮਿੱਟੀ ਦੀਆਂ ਪਰਤਾਂ ਵਿੱਚ ਮੋੜ ਪੈਣ ਲੱਗ ਪਏ। ਦੋਵਾਂ ਭੂ-ਖੰਡਾਂ ਦੇ ਖਿਸਕਣ ਕਰਕੇ ਅਤੇ ਸਾਗਰ ਵਿੱਚ ਜਮ੍ਹਾਂ ਹੋਈ ਮਿੱਟੀ ਦੇ ਉੱਪਰ ਉੱਠਣ ਕਾਰਨ ਹਿਮਾਲਿਆ ਪਰਬਤ ਦਾ ਜਨਮ ਹੋਇਆ।

**4.ਪੂਰਬੀ ਤੇ ਪੱਛਮੀ ਘਾਟਾਂ ਵਿੱਚ ਕੀ ਅੰਤਰ ਹਨ ?**

ਉੱਤਰ-

| ਪੱਛਮੀ ਘਾਟ | ਪੂਰਬੀ ਘਾਟ |
|---|---|
| 1.ਇਹ ਘਾਟ ਪੱਛਮੀ ਤੱਟ ਦੇ ਨਾਲ-ਨਾਲ ਤਾਪੀ ਨਦੀ ਦੇ ਮੁਹਾਨੇ ਤੋਂ ਲੈ ਕੇ ਕੰਨਿਆਕੁਮਾਰੀ ਤੱਕ ਫੈਲੇ ਹੋਏ ਹਨ। | 1.ਪੂਰਬੀ ਘਾਟ ਮਹਾਂਨਦੀ ਘਾਟੀ ਤੋਂ ਲੈ ਕੇ ਨੀਲਗਿਰੀ ਤੱਕ ਪੂਰਬੀ ਸਮੁੰਦਰੀ ਤੱਟ ਦੇ ਨਾਲ-ਨਾਲ ਫੈਲੇ ਹੋਏ ਹਨ। |
| 2.ਪੱਛਮੀ ਘਾਟ ਦੇ ਪਰਬਤ ਇੱਕ ਲੰਬੀ ਲੜੀ ਬਣਾਉਂਦੇ ਹਨ। | 2.ਪੂਰਬੀ ਘਾਟ ਦੇ ਵਿਚਕਾਰ ਨਦੀਆਂ ਆ ਜਾਣ ਕਾਰਨ ਇਹ ਪਹਾੜੀਆਂ ਦੇ ਰੂਪ ਵਿੱਚ ਦਿਖਾਈ ਦਿੰਦੇ ਹਨ। |
| 3.ਪੱਛਮੀ ਘਾਟ ਦੀ ਸਭ ਤੋਂ ਉੱਚੀ ਚੋਟੀ ਅਨਾਈਮੁਦੀ ਹੈ। | 3.ਪੂਰਬੀ ਘਾਟ ਦੀ ਸਭ ਤੋਂ ਉੱਚੀ ਚੋਟੀ ਮਹਿੰਦਰਗਿਰੀ ਹੈ। |
| 4.ਪੱਛਮੀ ਘਾਟ ਵਿੱਚ ਥਾਲ ਘਾਟ, ਭੋਰ ਘਾਟ ਸ਼ੇਨਕੋਟਾ ਅਤੇ ਪਾਲ ਘਾਟ ਮਹੱਤਵਪੂਰਨ ਦੱਰੇ ਹਨ। | 4.ਪੂਰਬੀ ਘਾਟ ਵਿੱਚ ਕੋਈ ਮਹੱਤਵਪੂਰਨ ਦੱਰਾ ਨਹੀਂ ਹੈ। |

**5. ਕੰਢੀ ਇਲਾਕੇ ਦੀਆਂ ਵਿਸ਼ੇਸ਼ਤਾਵਾਂ ਲਿਖੋ ਤੇ ਦੱਸੋ ਕਿ ਇਹ ਕਿਹੜੇ ਜ਼ਿਲ੍ਹਿਆਂ ਵਿਚ ਪੈਂਦਾ ਹੈ ?**

ਉੱਤਰ- ਰੋਪੜ ਜ਼ਿਲ੍ਹੇ ਦੀ ਨੂਰਪੁਰ ਬੇਦੀ ਤਹਿਸੀਲ ਦੇ ਪੂਰਬ ਵਿੱਚ ਜੋ ਕੱਟੇ-ਵੱਢੇ ਲਹਿਰੀਏਦਾਰ ਮੈਦਾਨ ਮਿਲਦੇ ਹਨ ਉਹ ਕੰਢੀ ਇਲਾਕਾ ਅਖਵਾਉਂਦਾ ਹੈ। ਇਹ ਪੰਜਾਬ ਦੇ ਖੇਤਰਫਲ ਦਾ 10% ਹਿੱਸਾ ਹੈ। ਇਹ ਖੇਤਰ ਪੰਜਾਬ ਦੇ 5 ਜ਼ਿਲ੍ਹਿਆਂ ਅਤੇ 22 ਬਲਾਕਾਂ ਦੀ 5 ਲੱਖ ਹੈਕਟੇਅਰ ਭੂਮੀ 'ਤੇ ਫੈਲਿਆ ਹੋਇਆ ਹੈ।

**ਕੰਢੀ ਖੇਤਰ ਦੀਆਂ ਵਿਸ਼ੇਸ਼ਤਾਵਾਂ-**

1. ਇਸ ਖੇਤਰ ਦੀਆਂ ਮਿੱਟੀਆਂ ਮੁਸਾਮਦਾਰ ਹਨ।
2. ਇੱਥੇ ਹਰ ਇੱਕ ਕਿਲੋਮੀਟਰ 'ਤੇ ਚੋਅ ਮਿਲਦੇ ਹਨ।
3. ਇਹ 300 ਤੋਂ 400 ਮੀਟਰ ਦੀ ਉੱਚਾਈ ਤੇ ਸ਼ਿਵਾਲਿਕ ਦੇ ਨਾਲ-ਨਾਲ ਤੰਗ ਪੱਟੀ ਦੇ ਰੂਪ ਵਿਚ ਫੈਲਿਆ ਹੋਇਆ ਹੈ।
4. ਇਹ ਖੇਤਰ ਚੰਡੀਗੜ੍ਹ, ਹੁਸ਼ਿਆਰਪੁਰ ਤੇ ਰੋਪੜ ਆਦਿ ਜ਼ਿਲ੍ਹਿਆਂ ਵਿੱਚ ਸਥਿੱਤ ਹੈ।

6. **ਗੰਗਾ ਦਾ ਪ੍ਰਦੂਸ਼ਣ ਵੱਧਦਾ ਜਾ ਰਿਹਾ ਹੈ। ਇਸ ਦੀ ਰੋਕਥਾਮ ਲਈ ਕੀ ਕੀਤਾ ਗਿਆ ਹੈ?**

**ਉੱਤਰ:** ਗੰਗਾ ਨਦੀ ਵਿੱਚ ਪ੍ਰਦੂਸ਼ਣ ਦੀ ਮਾਤਰਾ ਖ਼ਤਰੇ ਦੀ ਹੱਦ ਤੋਂ ਵੀ ਕਿਤੇ ਜ਼ਿਆਦਾ ਹੈ ਇਸ ਦੀ ਰੋਕਥਾਮ ਲਈ ਸਰਕਾਰਾਂ ਨੇ ਸਮੇਂ- ਸਮੇਂ 'ਤੇ ਕਦਮ ਚੁੱਕੇ ਹਨ। ਅਪ੍ਰੈਲ 1986 ਵਿੱਚ ਗੰਗਾ ਐਕਸ਼ਨ ਪਲਾਨ ਬਣਾਇਆ ਗਿਆ ਸੀ ਤੇ ਇਸ ਨੂੰ ਜਾਰੀ ਰੱਖਦੇ ਹੋਏ 2009 ਵਿੱਚ ਤਤਕਾਲੀ ਸਰਕਾਰ ਨੇ ਨੈਸ਼ਨਲ ਗੰਗਾ ਬੇਸਿਨ ਅਥਾਰਟੀ ਦਾ ਨਿਰਮਾਣ ਕੀਤਾ ਸੀ। ਸੰਨ 2015 ਵਿੱਚ ਕੇਂਦਰ ਸਰਕਾਰ ਨੇ ਗੰਗਾ ਨਦੀ ਨੂੰ ਸਾਫ਼ ਕਰਨ ਲਈ ਮਹੱਤਵਪੂਰਨ ਕਦਮ ਚੁੱਕੇ ਸਨ।

7. **ਭਾਰਤ ਦੇ ਅੰਦਰੂਨੀ ਜਲਤੰਤਰ 'ਤੇ ਨੋਟ ਲਿਖੋ।**

**ਉੱਤਰ** : ਭਾਰਤ ਦੀਆਂ ਕੁੱਝ ਨਦੀਆਂ ਸਮੁੰਦਰ ਤੱਕ ਨਹੀਂ ਪਹੁੰਚਦੀਆਂ ਅਤੇ ਰਸਤੇ ਵਿੱਚ ਵਿਲੀਨ ਹੋ ਜਾਂਦੀਆਂ ਹਨ। ਲਗਭਗ 465 ਕਿਲੋਮੀਟਰ ਲੰਬੀ ਘੱਗਰ ਨਦੀ ਇਸ ਦੀ ਸਭ ਤੋਂ ਮਹੱਤਵਪੂਰਨ ਉਦਾਹਰਨ ਹੈ। ਇਸੇ ਤਰ੍ਹਾਂ ਲੂਨੀ ਨਦੀ (ਰਾਜਸਥਾਨ) ਅਤੇ ਲੱਦਾਖ ਵਿੱਚ ਵੱਗਣ ਵਾਲੀਆਂ ਨਦੀਆਂ ਇਸਦੀ ਉਦਾਹਰਨ ਹਨ।

**8. ਚੋਅ ਕੀ ਹੁੰਦੇ ਹਨ? ਕੋਈ ਚਾਰ ਚੋਆਂ ਦੇ ਨਾਮ ਲਿਖੋ।**

**ਉੱਤਰ** : ਪੰਜਾਬ ਦਾ ਕੰਢੀ ਖੇਤਰ ਮੌਸਮੀ ਚੋਆਂ ਨਾਲ ਭਰਿਆ ਹੋਇਆ ਹੈ। ਬਹੁਤੇ ਚੋਆਂ ਦਾ ਜਨਮ ਕਟਾਰਧਾਰ ਤੇ ਸੋਲਾਸਿੰਗੀ ਦੀਆਂ ਪਹਾੜੀਆਂ ਵਿੱਚ ਹੁੰਦਾ ਹੈ। ਇਹ ਚੋਅ ਵਰਖਾ ਰੁੱਤ ਵਿੱਚ ਪਾਣੀ ਨਾਲ ਭਰ ਜਾਂਦੇ ਹਨ।

1. ਬਲਾਚੌਰ ਚੋਅ 2.ਗੜ੍ਹਸ਼ੰਕਰ ਚੋਅ 3.ਨਰਿਆਲਾ ਚੋਅ 4.ਮੈਲੀ ਚੋਅ 5.ਬਹੋਵਾਲ ਚੋਅ 6.ਨੰਗਲ ਸ਼ਹੀਦਾਂ ਚੋਅ ਆਦਿ ਕੁੱਝ ਪ੍ਰਮੁੱਖ ਚੋਅ ਹਨ।

9. **ਪੰਜਾਬ ਦੇ ਵਹਿੰਦੇ ਜਲ ਦੇ ਪ੍ਰਦੂਸ਼ਣ ਤੋਂ ਜਾਣੂ ਕਰਵਾਓ।**

**ਉੱਤਰ** : ਪੰਜਾਬ ਦੀਆਂ ਲਗਪਗ ਸਾਰੀਆਂ ਨਦੀਆਂ ਅਤੇ ਨਹਿਰਾਂ ਬੁਰੀ ਤਰ੍ਹਾਂ ਪ੍ਰਦੂਸ਼ਣ ਦਾ ਸ਼ਿਕਾਰ ਹਨ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਸੈਂਟਰਲ ਪ੍ਰਦੂਸ਼ਣ ਕੰਟਰੋਲ ਬੋਰਡ, ਭਾਬਾ ਐਟਮੀ ਖੋਜ ਕੇਂਦਰ ਤੇ ਭਾਰਤ ਸਰਕਾਰ ਦੇ ਵਾਤਾਵਰਣ ਮੰਤਰਾਲੇ ਨੇ ਇਹ ਮੰਨ ਲਿਆ ਹੈ, ਕਿ ਪੰਜਾਬ ਦੇ ਪਾਣੀਆਂ ਵਿੱਚ ਖ਼ਤਰਨਾਕ ਜ਼ਹਿਰ ਭਰੇ ਗਏ ਹਨ। ਪਾਣੀ ਰਾਹੀਂ ਇਹ ਜ਼ਹਿਰ ਪੂਰੇ ਵਾਤਾਵਰਨ ਅਤੇ ਭੋਜਨ ਲੜੀ ਵਿੱਚ ਪਹੁੰਚ ਕੇ ਲੋਕਾਂ ਨੂੰ ਕੈਂਸਰ ਤੇ ਹੋਰ ਭਿਆਨਕ ਬਿਮਾਰੀਆਂ ਦੇ ਸ਼ਿਕਾਰ ਬਣਾ ਰਹੇ ਹਨ। ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਬਚਾਉਣ ਲਈ ਸਾਨੂੰ ਆਪਣੇ ਪਾਣੀ ਦੇ ਸਰੋਤ ਬਚਾਉਣ ਦੀ ਲੋੜ ਹੈ ਅਤੇ ਨਾਲ ਹੀ ਵਰਖਾ ਦੇ ਪਾਣੀ ਨੂੰ ਬਚਾ ਕੇ ਵਰਤਣ ਦੀ ਬੇਹੱਦ ਜ਼ਰੂਰਤ ਹੈ।

10.**ਜਲਵਾਯੂ ਅਤੇ ਮੌਸਮ ਵਿੱਚ ਕੀ ਅੰਤਰ ਹੈ,ਸਪੱਸ਼ਟ ਕਰੋ।**

**ਉੱਤਰ : ਜਲਵਾਯੂ:** ਕਿਸੇ ਸਥਾਨ ਦੇ ਲੰਮੇ ਸਮੇਂ ਦੇ ਮੌਸਮ (ਲਗਪਗ 30 ਸਾਲਾਂ) ਦੀ ਔਸਤ ਮਿੱਥ ਕੇ ਜੋ ਸਿੱਟਾ ਕੱਢਿਆ ਜਾਂਦਾ ਹੈ ਉਸ ਨੂੰ ਉਸ ਥਾਂ ਦੀ ਜਲਵਾਯੂ ਕਿਹਾ ਜਾਂਦਾ ਹੈ। ਜਲਵਾਯੂ ਲੰਮੇ ਸਮੇਂ ਦੇ ਤਾਪਮਾਨ, ਵਾਯੂ ਦਾਬ, ਪੌਣਾਂ ਅਤੇ ਵਰਖਾ ਦੀ ਔਸਤ ਤੇ ਨਿਰਭਰ ਹੁੰਦਾ ਹੈ।

**ਮੌਸਮ:** ਮੌਸਮ ਕਿਸੇ ਥਾਂ ਦੇ ਵਿਸ਼ੇਸ ਸਮੇਂ ਉੱਤੇ ਉਸ ਥਾਂ ਦੇ ਤਾਪਮਾਨ, ਵਰਖਾ, ਸੂਰਜੀ ਰੋਸ਼ਨੀ, ਵਾਯੂ-ਦਾਬ ਅਤੇ ਪੌਣਾਂ ਦੀ ਹਾਲਤ ਨੂੰ ਕਹਿੰਦੇ ਹਨ। ਮੌਸਮ ਇੱਕ ਦਿਨ ਵਿੱਚ ਕਈ ਵਾਰ ਬਦਲ ਸਕਦਾ ਹੈ ਪਰ ਜਲਵਾਯੂ ਨਹੀਂ ਬਦਲਦੀ ।

**11. ਭਾਰਤੀ ਵਰਖਾ ਅਨਿਯਮਿਤ ਤੇ ਅਨਿਸ਼ਚਿਤ ਹੈ, ਸਪੱਸ਼ਟ ਕਰੋ।**

**ਉੱਤਰ:** ਭਾਰਤ ਵਿੱਚ ਹੋਣ ਵਾਲੀ ਮੌਨਸੂਨੀ ਵਰਖਾ ਦੀ ਮਾਤਰਾ ਪੂਰੀ ਤਰ੍ਹਾਂ ਨਿਸ਼ਚਿਤ ਨਹੀਂ ਹੈ। ਕਦੇ ਤਾਂ ਮੌਨਸੂਨ ਪੌਣਾਂ ਸਮੇਂ ਤੋਂ ਪਹਿਲਾਂ ਪਹੁੰਚ ਜਾਂਦੀਆਂ ਹਨ ਅਤੇ ਬਹੁਤ ਜ਼ਿਆਦਾ ਵਰਖਾ ਹੋ ਜਾਣ ਕਾਰਨ ਕਈ ਥਾਵਾਂ 'ਤੇ ਹੜ੍ਹ ਆ ਜਾਂਦੇ ਹਨ ਅਤੇ ਕਦੀ-ਕਦੀ ਇਹ ਵਰਖਾ ਘੱਟ ਹੁੰਦੀ ਹੈ ਜਾਂ ਫਿਰ ਨਿਸ਼ਚਿਤ ਸਮੇਂ ਤੋਂ ਪਹਿਲਾਂ ਹੀ ਖਤਮ ਹੋ ਜਾਂਦੀ ਹੈ। ਜਿਸਦੇ ਨਤੀਜੇ ਵਜੋਂ ਸੋਕਾ ਪੈ ਜਾਣ ਕਾਰਨ ਫਸਲਾਂ ਨਸ਼ਟ ਹੋ ਜਾਂਦੀਆਂ ਹਨ।

12. **ਭਾਰਤ ਵਿੱਚ ਸਰਦੀਆਂ ਦੀ ਰੁੱਤੇ ਵਰਖਾ ਸੰਬੰਧੀ ਨੋਟ ਲਿਖੋ।**

**ਉੱਤਰ:** ਸਰਦੀਆਂ ਦੀ ਰੁੱਤੇ ਆਮ ਕਰਕੇ ਅਸਮਾਨ ਸਾਫ਼ ਰਹਿੰਦਾ ਹੈ ਤੇ ਬੱਦਲ ਆਦਿ ਨਹੀਂ ਹੁੰਦੇ। ਭਾਰਤ ਦਾ ਦੱਖਣੀ ਭਾਗ ਸਮੁੰਦਰ ਨਾਲ ਘਿਰੇ ਹੋਣ ਕਾਰਨ ਜ਼ਿਆਦਾ ਠੰਢਾ ਨਹੀਂ ਹੁੰਦਾ, ਸਰਦੀਆਂ ਦੀ ਰੁੱਤੇ ਭਾਰਤ ਦੇ ਉੱਤਰੀ ਅਤੇ ਉੱਤਰ ਪੱਛਮੀ ਭਾਗਾਂ ਵਿੱਚ, ਪੱਛਮ ਅਤੇ ਉੱਤਰ ਪੱਛਮ ਵੱਲੋਂ ਚੱਕਰਵਾਤ ਆਉਂਦੇ ਹਨ। ਇਹ ਚੱਕਰਵਾਤ ਪੱਛਮੀ ਏਸ਼ੀਆ ਅਤੇ ਰੂਮ ਸਾਗਰ ਤੋਂ ਉਤਪੰਨ ਹੋ ਕੇ ਭਾਰਤ ਵਿਚ ਪੁੱਜਦੇ ਹਨ। ਇਨ੍ਹਾਂ ਚੱਕਰਵਾਤਾਂ ਦੇ ਕਾਰਨ ਭਾਰਤ ਦੇ ਉੱਤਰੀ ਅਤੇ ਉੱਤਰ ਪੱਛਮੀ ਮੈਦਾਨਾਂ ਵਿੱਚ ਵਰਖਾ ਹੁੰਦੀ ਹੈ ਅਤੇ ਪਹਾੜਾਂ 'ਤੇ ਬਰਫ ਵੀ ਪੈਂਦੀ ਹੈ। ਸਰਦੀਆਂ ਦੀ ਇਹ ਵਰਖਾ ਹਾੜ੍ਹੀ ਦੀਆਂ ਫ਼ਸਲਾਂ ਲਈ ਬਹੁਤ ਲਾਭਦਾਇਕ ਸਿੱਧ ਹੁੰਦੀ ਹੈ

13. **ਪਰਬਤੀ ਵਰਖਾ ਸਿਰਫ਼ ਪਹਾੜੀ ਇਲਾਕੇ ਵਿਚ ਹੁੰਦੀ ਹੈ? ਸਥਿਤੀ ਸਪੱਸ਼ਟ ਕਰੋ।**

**ਉੱਤਰ:** ਪਰਬਤੀ ਵਰਖਾ ਸਿਰਫ ਪਹਾੜੀ ਇਲਾਕੇ ਵਿੱਚ ਹੁੰਦੀ ਹੈ ਕਿਉਂਕਿ ਪੌਣਾਂ ਜਦੋਂ ਸਮੁੰਦਰ ਤੋਂ ਧਰਤੀ ਵੱਲ ਚਲਦੀਆਂ ਹਨ ਸਮੁੰਦਰ ਉੱਤੋਂ ਲੰਘਣ ਕਾਰਨ ਨਮੀ ਭਰਪੂਰ ਹੋ ਜਾਂਦੀਆਂ ਹਨ ਤਾਂ ਕਈ ਵਾਰ ਇਨ੍ਹਾਂ ਦੇ ਰਾਹ ਵਿੱਚ ਪਹਾੜਾਂ ਦੀ ਰੋਕ ਕਾਰਨ ਇਹ ਪੌਣਾਂ ਉੱਪਰ ਨੂੰ ਉਠਣ ਲੱਗਦੀਆਂ ਹਨ। ਉੱਪਰ ਜਾ ਕੇ ਇਹ ਪੌਣਾਂ ਠੰਢੀਆਂ ਹੋ ਜਾਂਦੀਆਂ ਹਨ ਅਤੇ ਇਨ੍ਹਾਂ ਦਾ ਸੰਘਣਨ ਆਰੰਭ ਹੋ ਜਾਂਦਾ ਹੈ ਅਤੇ ਪਹਾੜਾਂ ਦੀ ਰੋਕ ਕਾਰਨ ਵਰਖਾ ਸ਼ੁਰੂ ਹੋ ਜਾਂਦੀ ਹੈ।

14. **ਵਣਾਂ ਦੀ ਰੱਖਿਆ ਕਿਉਂ ਜ਼ਰੂਰੀ ਹੈ? ਲਿਖ ਕੇ ਸਮਝਾਓ।**

**ਉੱਤਰ-1.** ਜੰਗਲ ਵਰਖਾ ਕਰਵਾਉਣ ਵਿੱਚ ਸਹਾਈ ਹੁੰਦੇ ਹਨ।

**2.** ਜੰਗਲ ਭੌਂ-ਖੁਰਨ ਅਤੇ ਹੜ੍ਹਾਂ ਉਪਰ ਕੰਟਰੋਲ ਕਰਨ ਵਿੱਚ ਸਹਾਇਤਾ ਕਰਦੇ ਹਨ।

**3.** ਜੰਗਲ ਕਈ ਤਰ੍ਹਾਂ ਦੀ ਲੱਕੜੀ ਪ੍ਰਦਾਨ ਕਰਦੇ ਹਨ ਜਿਹੜੇ ਅਲੱਗ-ਅਲੱਗ ਕੰਮਾਂ ਲਈ ਵਰਤੀ ਜਾਂਦੀ ਹੈ।

**4.** ਜੰਗਲੀ ਦਰਖਤਾਂ ਤੋਂ ਜਲ ਵਾਸ਼ਪ ਹਵਾ ਵਿੱਚ ਜਾਂਦੇ ਰਹਿੰਦੇ ਹਨ ਜਿਸ ਨਾਲ ਹਵਾ ਦਾ ਤਾਪਮਾਨ ਠੰਢਾ ਰਹਿੰਦਾ ਹੈ।

**5.** ਜੰਗਲ ਬਹੁਤ ਵੱਡੀ ਮਾਤਰਾ ਵਿੱਚ ਕਾਰਬਨਡਾਇਆਕਸਾਈਡ ਵਰਤਦੇ ਹਨ ਅਤੇ ਹਵਾ ਵਿੱਚ ਆਕਸੀਜਨ ਛੱਡਦੇ ਹਨ ਜਿਹੜੀ ਜਾਨਵਰਾਂ ਅਤੇ ਮਨੁੱਖਾਂ ਨੂੰ ਜੀਵਨ ਦਿੰਦੀ ਹੈ।

15. **ਸਦਾ ਬਹਾਰ ਵਣਾਂ ਦੀਆਂ ਵਿਸ਼ੇਸ਼ਤਾਵਾਂ ਲਿਖੋ ।**

**ਉੱਤਰ-1.** ਸਦਾ ਬਹਾਰ ਵਣਾਂ ਦੇ ਸਾਰੇ ਪੱਤੇ ਇਕੱਠੇ ਨਹੀਂ ਝੜਦੇ, ਜਿਸ ਕਾਰਨ ਰੁੱਖ ਸਾਰਾ ਸਾਲ ਹਰੇ ਹੀ ਨਜ਼ਰ ਆਉਂਦੇ ਹਨ।

**2.**ਇਹ ਵਣ ਗਰਮ ਅਤੇ ਤਰ ਭਾਗਾਂ ਵਿੱਚ ਮਿਲਦੇ ਹਨ ਇੱਥੇ ਸਾਲਾਨਾ ਵਰਖਾ 200 ਤੋਂ 300 ਸੈਂਟੀਮੀਟਰ ਜਾਂ ਇਸ ਤੋਂ ਜ਼ਿਆਦਾ ਹੁੰਦੀ ਹੈ।

**3.**ਇਨ੍ਹਾਂ ਜੰਗਲਾਂ ਦੇ ਦਰੱਖਤ 60 ਮੀਟਰ ਤੱਕ ਜਾਂ ਇਸ ਤੋਂ ਵੀ ਜ਼ਿਆਦਾ ਉੱਚੇ ਜਾ ਸਕਦੇ ਹਨ ।

**4.**ਪੰਛੀ ਝਾਤ ਤੋਂ ਇਹ ਜੰਗਲ ਇੱਕ ਛੱਤਰ ਦੀ ਤਰ੍ਹਾਂ ਲੱਗਦੇ ਹਨ।

**5.**ਇਨ੍ਹਾਂ ਵਿੱਚ ਉੱਗਣ ਵਾਲੇ ਦਰੱਖਤਾਂ ਵਿੱਚ ਮੋਹਗਨੀ, ਐਬਨੀ, ਰੋਜ਼ਵੁੱਡ, ਟਾਹਲੀ, ਬਾਂਸ, ਰਬੜ, ਸਿਨਕੋਨਾ ਅਤੇ ਮੈਗਨੋਲੀਆ ਆਦਿ ਸ਼ਾਮਿਲ ਹਨ।

**16. ਔਲਾ ਤੁਲਸੀ ਤੇ ਸਿਨਕੋਨਾ ਤੋਂ ਕੀ ਲਾਭ ਹੋ ਸਕਦੇ ਹਨ, ਲਿਖੋ।**

**ਉੱਤਰ-ਆਂਵਲਾ:** ਇਹ ਵਿਟਾਮਿਨ ਸੀ ਨਾਲ ਭਰਪੂਰ ਹੈ। ਇਹ ਪਾਚਨ ਸ਼ਕਤੀ ਨੂੰ ਸੁਧਾਰਦਾ ਹੈ। ਇਸ ਨੂੰ ਖਾਂਸੀ, ਸ਼ੂਗਰ ਅਤੇ ਕਬਜ਼ ਦੂਰ ਕਰਨ ਵਾਸਤੇ ਵਰਤਿਆ ਜਾਂਦਾ ਹੈ ।

**ਤੁਲਸੀ:** ਖਾਂਸੀ ਜ਼ੁਕਾਮ ਅਤੇ ਬੁਖਾਰ ਦੀ ਸੂਰਤ ਵਿਚ ਵਰਤੀ ਜਾਂਦੀ ਹੈ।

**ਸਿਨਕੋਨਾ:** ਪੌਦੇ ਦੀ ਛਿੱਲ ਤੋਂ ਕੁਨੀਨ ਬਣਾਈ ਜਾਂਦੀ ਹੈ ਜੋ ਮਲੇਰੀਆ ਨੂੰ ਠੀਕ ਕਰਨ ਲਈ ਇਸਤੇਮਾਲ ਕੀਤੀ ਜਾਂਦੀ ਹੈ।

17. **ਜਨਸੰਖਿਆ ਪੱਖੋਂ ਭਾਰਤ ਦੀ ਸੰਸਾਰ ਵਿੱਚ ਸਥਿਤੀ ਉੱਤੇ ਇੱਕ ਨੋਟ ਲਿਖੋ।**

**ਉੱਤਰ:** ਜਨਸੰਖਿਆ ਪੱਖੋਂ ਭਾਰਤ ਦਾ ਸੰਸਾਰ ਵਿੱਚ ਦੂਜਾ ਸਥਾਨ ਹੈ। ਪਹਿਲੇ ਸਥਾਨ ਤੇ ਚੀਨ ਹੈ। ਮਰਦਮਸ਼ੁਮਾਰੀ 2011 ਦੇ ਅੰਕੜਿਆਂ ਅਨੁਸਾਰ ਭਾਰਤ ਦੀ ਜਨਸੰਖਿਆ 121 ਕਰੋੜ ਤੋਂ ਵੀ ਵੱਧ ਸੀ। ਸਾਲ 2016 ਵਿੱਚ ਸੰਸਾਰ ਦੀ ਅਨੁਮਾਨਤ ਜਨਸੰਖਿਆ 7 ਅਰਬ 42 ਕਰੋੜ 26 ਲੱਖ ਤੋਂ ਵੱਧ ਅਤੇ ਭਾਰਤ ਦੀ ਜਨਸੰਖਿਆ 1 ਅਰਬ 32 ਕਰੋੜ 68 ਲੱਖ ਤੋਂ ਵੱਧ ਸੀ। ਇਹ ਇੱਕ ਹੈਰਾਨੀਜਨਕ ਤੱਥ ਹੈ ਕਿ ਭਾਰਤ, ਸੰਸਾਰ ਦਾ 2.4

ਪ੍ਰਤੀਸ਼ਤ ਖੇਤਰਫਲ ਨਾਲ ਸੰਸਾਰ ਦੀ ਕੁੱਲ ਵਸੋਂ ਦਾ 16% ਤੋਂ ਜ਼ਿਆਦਾ ਹਿੱਸਾ ਸਮਾਈ ਬੈਠਾ ਹੈ। ਇਸ ਵੇਲੇ ਸੰਸਾਰ ਦੇ ਲਗਪਗ ਛੇ ਵਿਅਕਤੀਆਂ ਵਿੱਚੋਂ ਇੱਕ ਵਿਅਕਤੀ ਭਾਰਤੀ ਹੈ।

18. **ਪਰਵਾਸ ਦੇ ਕੀ-ਕੀ ਮੁੱਖ ਕਾਰਨ ਹੋ ਸਕਦੇ ਹਨ?**

**ਉੱਤਰ:** ਪਰਵਾਸ ਦੇ ਹੇਠ ਲਿਖੇ ਕਾਰਨ ਹੋ ਸਕਦੇ ਹਨ:-

1. ਖੇਤੀਬਾੜੀ ਕਰਨ ਲਈ ਜ਼ਮੀਨ ਦੀ ਭਾਲ। 2. ਰੁਜ਼ਗਾਰ ਦੀ ਭਾਲ। 3. ਕਮਾਈ ਦੀ ਆਸ 4. ਧੱਕੇ ਨਾਲ ਪ੍ਰਵਾਸ।
5. ਅੱਛੀਆਂ ਸਹੂਲਤਾਂ ਵਾਸਤੇ ਪਿੰਡ ਤੋਂ ਸ਼ਹਿਰ ਨੂੰ ਪਰਵਾਸ। 6. ਵਿਆਹ ਕਾਰਨ ਪਰਵਾਸ।

19. **ਸਾਖਰਤਾ ਦਰ ਕਿਵੇਂ ਪਤਾ ਲੱਗਦੀ ਹੈ? ਸਾਖਰਤਾ ਪੱਖੋਂ ਪੰਜਾਬ ਕਿਹੜੇ ਮੁੱਖ ਰਾਜਾਂ ਤੋਂ ਪੱਛੜਿਆ ਹੋਇਆ ਹੈ?**

**ਉੱਤਰ:** ਸਾਖ਼ਰਤਾ ਦਰ ਦਾ ਪਤਾ ਪੜ੍ਹੇ-ਲਿਖੇ ਲੋਕਾਂ ਦੀ ਗਿਣਤੀ ਨੂੰ ਕੁੱਲ ਅਬਾਦੀ ਨਾਲ ਭਾਗ ਦੇ ਕੇ ਲਗਾਇਆ ਜਾ ਸਕਦਾ ਹੈ।

$$\text{ਸਾਖਰਤਾ ਦਰ} = \frac{\text{ਪੜ੍ਹੇ-ਲਿਖੇ ਲੋਕਾਂ ਦੀ ਗਿਣਤੀ}}{\text{ਕੁੱਲ ਆਬਾਦੀ}} \times 100$$

ਸਾਖ਼ਰਤਾ ਪੱਖੋਂ ਪੰਜਾਬ ਦੇਸ਼ ਵਿਚ 14ਵੇਂ ਨੰਬਰ ਤੇ ਆਉਂਦਾ ਹੈ। ਪੰਜਾਬ ਦੀ ਸਾਖ਼ਰਤਾ ਦਰ 75.8% ਹੈ। ਸਾਖ਼ਰਤਾ ਪੱਖੋਂ ਪੰਜਾਬ ਕੇਰਲ, ਮਿਜ਼ੋਰਮ, ਗੋਆ ਅਤੇ ਤ੍ਰਿਪੁਰਾ ਤੋਂ ਪਿੱਛੇ ਹੈ।

20. **ਪੰਜਾਬ ਦੀ ਪੇਂਡੂ-ਸ਼ਹਿਰੀ ਵਸੋਂ ਵੰਡ 'ਤੇ ਨੋਟ ਲਿਖੋ।**

**ਉੱਤਰ:** ਪੰਜਾਬ ਦੀ ਕੁੱਲ ਜਨਸੰਖਿਆ ਵਿਚੋਂ 1,73,44,192 ਵਿਅਕਤੀ ਪਿੰਡਾਂ ਵਿੱਚ ਅਤੇ 1,03,99,146 ਵਿਅਕਤੀ ਸ਼ਹਿਰਾਂ ਵਿੱਚ ਵੱਸਦੇ ਹਨ। ਪਿਛਲੇ ਦੱਸ ਸਾਲਾਂ ਵਿੱਚ ਸ਼ਹਿਰੀ ਵਸੋਂ 33.9 ਪ੍ਰਤੀਸ਼ਤ (2001) ਤੋਂ ਵੱਧ ਕੇ 37.5 ਪ੍ਰਤੀਸ਼ਤ (2011) ਹੋ ਗਈ ਹੈ। ਸ਼ਹਿਰਾਂ ਵਿਚ ਪੜ੍ਹਾਈ ਲਿਖਾਈ ਅਤੇ ਕੰਮਕਾਰ ਦੇ ਜ਼ਿਆਦਾ ਮੌਕੇ 'ਤੇ ਵਧੀਆ ਸਹੂਲਤਾਂ ਸ਼ਹਿਰੀਕਰਨ ਦੇ ਵਿਕਾਸ ਲਈ ਜ਼ਿੰਮੇਵਾਰ ਤੱਤ ਹਨ। ਪਿਛਲੇ ਦੱਸ ਸਾਲਾਂ ਵਿੱਚ ਸ਼ਹਿਰੀਕਰਨ ਦਾ ਸੱਭ ਤੋਂ ਵੱਧ ਵਿਕਾਸ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿੱਚ ਹੋਇਆ ਹੈ। ਇੱਥੋਂ ਦੀ ਕੁੱਲ ਵਸੋਂ ਦਾ 54.8 ਪ੍ਰਤੀਸ਼ਤ ਲੋਕ ਸ਼ਹਿਰ ਵਿੱਚ ਰਹਿੰਦੇ ਹਨ। ਦੂਜੇ ਪਾਸੇ ਦੇਖੀਏ ਤਾਂ ਤਰਨਤਾਰਨ ਜ਼ਿਲ੍ਹੇ ਦੀ ਸਭ ਤੋਂ ਘੱਟ ਵਸੋਂ, ਕੇਵਲ 12.7% ਹੀ ਸ਼ਹਿਰੀ ਹੈ ਜਦਕਿ ਇੱਥੇ ਦੇ 87.3% ਲੋਕ ਪਿੰਡਾਂ ਵਿੱਚ ਹੀ ਰਹਿੰਦੇ ਹਨ।

21.**ਕੌਮੀ ਜਨਸੰਖਿਆ ਨੀਤੀ 2000 ਤੋਂ ਜਾਣੂ ਕਰਵਾਓ।**

**ਉੱਤਰ: 1.** ਕੌਮੀ ਜਨਸੰਖਿਆ ਨੀਤੀ ਦਾ ਉਦੇਸ਼ 2045 ਤੱਕ ਸਥਿਰ ਜਨਸੰਖਿਆ ਦਾ ਟੀਚਾ ਪ੍ਰਾਪਤ ਕਰਨਾ ਹੈ।

**2.** 14 ਸਾਲ ਦੀ ਉਮਰ ਤੱਕ ਮੁਫ਼ਤ ਅਤੇ ਲਾਜ਼ਮੀ ਵਿੱਦਿਆ ਦੇਣਾ।

**3.** ਸਕੂਲ ਵਿਚੋਂ ਹੱਟਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਨੂੰ ਪ੍ਰਾਇਮਰੀ ਅਤੇ ਸੈਕੰਡਰੀ ਪੱਧਰ 'ਤੇ ਘੱਟ ਕਰਨਾ।

**4.** ਬਾਲ ਮੌਤ ਦਰ ਨੂੰ 1000 ਜਨਮਾਂ ਪਿੱਛੇ 30 ਘੱਟ ਕਰਨਾ।

**5.** ਮਾਤਾ ਮੌਤ ਦਰ ਅਨੁਪਾਤ ਨੂੰ ਇੱਕ ਲੱਖ ਜਨਮ ਪਿੱਛੇ 100 ਤੋਂ ਘੱਟ ਕਰਨਾ।

**6.** ਲੜਕੀਆਂ ਦੇ 18 ਸਾਲ ਤੋਂ ਪਹਿਲਾਂ ਵਿਆਹ ਨਾ ਕਰਨਾ।

**7.** ਛੋਟੇ ਪਰਿਵਾਰ ਦੇ ਸਿਧਾਂਤ ਨੂੰ ਅਪਨਾਉਣਾ।

**8.** 80% ਜਨਮ ਸੰਸਥਾਵਾਂ ਵਿੱਚ ਕਰਵਾਉਣਾ ਅਤੇ 100% ਜਨਮ ਟਰੇਂਡ ਵਿਅਕਤੀਆਂ ਦੁਆਰਾ ਕਰਵਾਉਣ ਤੇ ਜ਼ੋਰ ਦਿੱਤਾ।

## ਭਾਗ-ਅ (ਅਰਥ ਸ਼ਾਸਤਰ)

### ਸਹੀ ਵਿਕਲਪ ਦੀ ਚੋਣ ਕਰੋ-

**1.ਉਤਪਾਦਨ ਦਾ ਕਿਹੜਾ ਕਾਰਕ ਅਚਲ ਹੈ?**

**1) ਭੂਮੀ** 2) ਉੱਦਮੀ 3) ਪੂੰਜੀ 4) ਕਿਰਤ

**2.ਆਰਥਿਕ ਕਿਰਿਆ ਜਿਹੜੀ ਵਸਤੂਆਂ ਅਤੇ ਸੇਵਾਵਾਂ ਦੇ ਮੁੱਲ ਜਾਂ ਉਪਯੋਗਿਤਾ ਦੇ ਵਾਧੇ ਨਾਲ ਜੁੜੀ ਹੋਈ ਹੈ......ਅਖਵਾਉਂਦੀ ਹੈ।**

**1) ਉਤਪਾਦਨ** 2) ਉਪਭੋਗਤਾ 3) ਵੰਡ 4) ਕਿਰਤ

**3.ਖੇਤੀ ਵਿੱਚ ਵਿਸ਼ੇਸ਼ਕਰ ਕਣਕ ਅਤੇ ਧਾਨ ਦੇ ਉਤਪਾਦਨ ਵਿੱਚ ਅਸਾਧਾਰਨ ਵਾਧੇ ਨੂੰ ਕਹਿੰਦੇ ਹਨ.......**

1) ਚਿੱਟੀ ਕ੍ਰਾਂਤੀ 2) ਧਾਨ ਕ੍ਰਾਂਤੀ 3) ਕਣਕ ਕ੍ਰਾਂਤੀ **4) ਹਰੀ ਕ੍ਰਾਂਤੀ**

**4.ਇੰਗਲੈਂਡ ਦੀ ਮੁਦਰਾ ਕਿਹੜੀ ਹੈ?**

1)ਰੁਪਏ 2) ਡਾਲਰ 3) ਯਾਨ **4) ਪੌਂਡ**

**5. ਖੇਤੀਬਾੜੀ ਅਰਥਵਿਵਸਥਾ ਕਿਸ ਖੇਤਰ ਦੀ ਉਦਾਹਰਣ ਹੈ?**

**1) ਮੁੱਢਲਾ** 2)ਸੇਵਾਵਾਂ 3)ਗੌਣ 4) ਇਨ੍ਹਾਂ ਵਿੱਚੋਂ ਕੋਈ ਨਹੀਂ

**6.ਖੇਤੀਬਾੜੀ ਖੇਤਰ ਵਿੱਚ 5 ਤੋਂ 7 ਮਹੀਨੇ ਬੇਰੁਜ਼ਗਾਰ ਰਹਿੰਦੇ ਹਨ। ਇਸ ਬੇਰੁਜ਼ਗਾਰੀ ਨੂੰ ਕੀ ਕਹਿੰਦੇ ਹਨ ।**

1) ਛੁਪੀ ਬੇਰੁਜ਼ਗਾਰੀ **2)ਮੌਸਮੀ ਬੇਰੁਜ਼ਗਾਰੀ** 3)ਪੜ੍ਹੀ ਲਿਖੀ ਬੇਰੁਜ਼ਗਾਰੀ 4)ਇਨ੍ਹਾਂ ਵਿੱਚੋਂ ਕੋਈ ਨਹੀਂ

**7. ਭਾਰਤ ਵਿੱਚ ਜਨਸੰਖਿਆ ਦੀ ਕਾਰਜਸ਼ੀਲਤਾ ਉਮਰ ਹੱਦ ਕੀ ਹੈ?**

**1) 15 ਸਾਲ ਤੋਂ 59 ਸਾਲ ਤੱਕ** 2)18 ਸਾਲ ਤੋਂ 58 ਸਾਲ ਤੱਕ

3)16 ਸਾਲ ਤੋਂ 60ਸਾਲ ਤੱਕ 4)20 ਸਾਲ ਤੋਂ 60ਸਾਲ ਤੱਕ

**8. 2011 ਦੀ ਜਨਗਣਨਾ ਅਨੁਸਾਰ ਭਾਰਤ ਦੀ ਜਨਸੰਖਿਆ ......................... ਹੈ ।**

**1) 1210.19 ਮਿਲੀਅਨ** 2)130 ਮਿਲੀਅਨ 3)121.19 ਮਿਲੀਅਨ 3)130.19 ਮਿਲੀਅਨ

9. **ਭਾਰਤ ਵਿੱਚ ਗ਼ਰੀਬੀ ਵਿੱਚ ਰਹਿਣ ਵਾਲੇ ਲੋਕਾਂ ਦੀ ਸੰਖਿਆ ਕਿੰਨ੍ਹੀ ਹੈ।**

1)20 ਕਰੋੜ 2) 25 ਕਰੋੜ 3) 26 ਕਰੋੜ **4) ਇਨ੍ਹਾਂ ਵਿੱਚੋਂ ਕੋਈ ਨਹੀਂ ਹੈ।**

10. **ਗ਼ਰੀਬੀ ਦਾ ਅਨੁਪਾਤ____________ ਵਿੱਚ ਘੱਟ ਹੈ।**

**1)ਵਿਕਸਿਤ ਦੇਸ਼ਾਂ** 2) ਵਿਕਾਸਸ਼ੀਲ ਦੇਸਾਂ 3) ਅਲਪ ਵਿਕਸਿਤ ਦੇਸਾਂ 4) ਇਨ੍ਹਾਂ ਵਿੱਚੋਂ ਕੋਈ ਨਹੀਂ ।

11. **ਭਾਰਤ ਵਿੱਚ ਸਭ ਤੋਂ ਜ਼ਿਆਦਾ ਗ਼ਰੀਬ ਰਾਜ ਕਿਹੜਾ ਹੈ ?**

**1)ਬਿਹਾਰ** 2) ਉੱਤਰ ਪ੍ਰਦੇਸ਼ 3) ਪੰਜਾਬ 4) ਰਾਜਸਥਾਨ

12. **ਰਾਸ਼ਟਰੀ ਆਮਦਨ ਕਿਸ ਦਾ ਸੂਚਕ ਹੈ।**

1)ਗ਼ਰੀਬੀ ਰੇਖਾ 2) ਜਨਸੰਖਿਆ **3) ਸਾਪੇਖ ਗ਼ਰੀਬੀ** 4) ਨਿਰਪੇਖ ਗ਼ਰੀਬੀ

13. **ਗ਼ਰੀਬੀ ਰੇਖਾ ਤੋਂ ਥੱਲੇ ਰਹਿਣ ਵਾਲੇ ਵਿਅਕਤੀਆਂ ਨੂੰ ਕਿਹੜਾ ਕਾਰਡ ਜਾਰੀ ਕੀਤਾ ਜਾਂਦਾ ਹੈ ।**

1) ਅੰਤੋਦਿਆ ਕਾਰਡ **2) ਬੀ.ਪੀ.ਐੱਲ ਕਾਰਡ** 3) ਏ.ਪੀ.ਐੱਲ ਕਾਰਡ 4) ਸੀ.ਪੀ.ਐਲ ਕਾਰਡ

14. **______ਅੰਨ ਸੁਰੱਖਿਆ ਦਾ ਇਕ ਸੂਚਕ ਹੈ।**

1) ਦੁੱਧ 2) ਪਾਣੀ **3) ਭੁੱਖ** 4) ਹਵਾ

15. **ਫਸਲਾਂ ਦੀ ਪਹਿਲਾਂ ਐਲਾਨ ਕੀਤੀ ਕੀਮਤ ਨੂੰ ਕੀ ਕਿਹਾ ਜਾਂਦਾ ਹੈ।**

**1) ਨਿਊਨਤਮ ਸਮਰਥਨ ਕੀਮਤ** 2) ਈਸ਼ੂ ਕੀਮਤ 3) ਘੱਟ ਤੋਂ ਘੱਟ ਕੀਮਤ 4) ਉਚਿੱਤ ਕੀਮਤ

16. **ਬੰਗਾਲ ਤੋਂ ਇਲਾਵਾ ਹੋਰ ਕਿਹੜੇ ਰਾਜ ਵਿੱਚ ਅਕਾਲ ਵਰਗੀ ਸਥਿਤੀ ਪੈਦਾ ਹੋਈ।**

1) ਕਰਨਾਟਕਾ 2) ਪੰਜਾਬ **3) ਉਡੀਸ਼ਾ** 4) ਮੱਧ ਪ੍ਰਦੇਸ਼

17.**ਕਿਹੜੀ ਸਹਿਕਾਰੀ ਸੰਸਥਾ ਗੁਜਰਾਤ ਵਿੱਚ ਦੁੱਧ ਅਤੇ ਦੁੱਧ ਪਦਾਰਥ ਵੇਚਦੀ ਹੈ।**

**1) ਅਮੁੱਲ** 2) ਵੇਰਕਾ 3) ਮਦਰ ਡੇਅਰੀ 4) ਸੁਧਾ

**ਖਾਲੀ ਸਥਾਨ ਭਰੋ:-**

1. ਮਨੁੱਖ ਦੀਆਂ ਲੋੜਾਂ **ਅਸੀਮਤ** ਹਨ।
2. **ਉੱਦਮੀ** ਜ਼ੋਖਿਮ ਉਠਾਉਂਦਾ ਹੈ।
3. **ਭੂਮੀ** ਉਤਪਾਦਨ ਦਾ ਕੁਦਰਤੀ ਸਾਧਨ ਹੈ।
4. ਇੱਕ ਸਾਲ ਵਿੱਚ ਭੂਮੀ ਦੇ ਇੱਕ ਟੁਕੜੇ ਉੱਤੇ ਇੱਕ ਤੋਂ ਜ਼ਿਆਦਾ ਫ਼ਸਲਾਂ ਪੈਦਾ ਕਰਨ ਨੂੰ **ਬਹੁ -ਫ਼ਸਲੀ ਵਿਧੀ** ਕਹਿੰਦੇ ਹਨ।
5. ਪੰਜਾਬ ਨੂੰ ਦੇਸ਼ ਦੀ **ਅਨਾਜ ਟੋਕਰੀ** ਵਜੋਂ ਵੀ ਜਾਣਿਆ ਜਾਂਦਾ ਹੈ।
6. ਕੁੱਝ ਮਜ਼ਦੂਰ ਜਿਹੜੇ ਇੱਕ ਰਾਜ ਤੋਂ ਦੂਜੇ ਰਾਜ ਵਿੱਚ ਪ੍ਰਵਾਸ ਕਰਦੇ ਹਨ, ਨੂੰ **ਪ੍ਰਵਾਸੀ ਮਜ਼ਦੂਰ** ਕਹਿੰਦੇ ਹਨ।

7 .ਭਾਰਤ ਦਾ ਦੁਨੀਆਂ ਵਿੱਚ ਜਨਸੰਖਿਆ ਦੇ ਆਕਾਰ ਵਜੋਂ **ਦੂਜਾ** ਸਥਾਨ ਹੈ ।

8 .ਅਨਪੜ੍ਹ ਲੋਕ ਸਮਾਜ ਲਈ ਪਰਿਸੰਪਤੀ ਦੀ ਬਜਾਏ **ਦੇਣਦਾਰੀ** ਬਣਦੇ ਹਨ ।

9. ਦੇਸ਼ ਦੀ ਜਨਸੰਖਿਆ ਦਾ ਆਕਾਰ, ਇਸ ਦੀ ਕੁਸ਼ਲਤਾ, ਵਿੱਦਿਅਕ ਗੁਣ, ਉਤਪਾਦਕਤਾ ਆਦਿ **ਮਨੁੱਖੀ ਸਾਧਨ** ਕਹਿੰਦੇ ਹਨ ।

10.**ਮੁੱਢਲੇ** ਖੇਤਰ ਵਿੱਚ ਕੁਦਰਤੀ ਸਾਧਨਾਂ ਦੀ ਵਰਤੋਂ ਕਰਕੇ ਉਤਪਾਦਨ ਕੀਤਾ ਜਾਂਦਾ ਹੈ।

11.**ਆਰਥਿਕ** ਕਿਰਿਆਵਾਂ ਵਸਤੂਆਂ ਅਤੇ ਸੇਵਾਵਾਂ ਦੇ ਉਤਪਾਦਨ ਵਿੱਚ ਸਹਾਇਤਾ ਕਰਦੀਆਂ ਹਨ।

12.ਸੰਸਾਰ ਦੀ ਕੁੱਲ ਗ਼ਰੀਬ ਜਨਸੰਖਿਆ ਦੇ **⅕ ਹਿੱਸੇ** ਤੋਂ ਜ਼ਿਆਦਾ ਗ਼ਰੀਬ ਭਾਰਤ ਵਿੱਚ ਰਹਿੰਦੇ ਹਨ।

13. ਗ਼ਰੀਬੀ ਗ਼ਰੀਬ ਲੋਕਾਂ ਵਿਚ **ਲਾਚਾਰੀ** ਦੀ ਭਾਵਨਾ ਪੈਦਾ ਕਰਦੀ ਹੈ ।

14.**ਪੇਂਡੂ** ਲੋਕਾਂ ਨੂੰ **ਸ਼ਹਿਰੀਆਂ** ਨਾਲੋਂ ਜ਼ਿਆਦਾ ਕੈਲਰੀ ਦੀ ਲੋੜ ਹੁੰਦੀ ਹੈ।

15.ਪੰਜਾਬ ਰਾਜ **ਉੱਚ ਖੇਤੀ ਵਾਧੇ ਦਰ** ਦੀ ਸਹਾਇਤਾ ਨਾਲ ਗਰੀਬੀ ਘੱਟ ਕਰਨ ਵਿੱਚ ਸਫ਼ਲ ਰਿਹਾ ਹੈ।

16.ਉਹ ਤਰੀਕਾ ਜਿਹੜਾ ਜ਼ਿੰਦਗੀ ਦੀਆਂ ਮੁੱਖ ਲੋੜਾਂ ਨੂੰ ਪੂਰਾ ਕਰਨ ਲਈ ਘੱਟੋ-ਘੱਟ ਜ਼ਰੂਰੀ ਆਮਦਨ ਨੂੰ ਮਾਪਣ ਦਾ ਹੈ, ਨੂੰ **ਗ਼ਰੀਬੀ ਰੇਖਾ** ਕਹਿੰਦੇ ਹਨ।

17. **ਸਾਪੇਖ ਗ਼ਰੀਬੀ** ਗ਼ਰੀਬੀ ਦੇ ਮਾਪਦੰਡ ਦਾ ਇੱਕ ਕਾਰਨ ਹੈ।

18. ਸਰਕਾਰ ਨੇ ਗ਼ਰੀਬਾਂ ਨੂੰ ਵਾਜ਼ਿਬ ਕੀਮਤ 'ਤੇ ਅੰਨ ਉਪਲੱਬਧ ਕਰਵਾਉਣ ਲਈ **ਜਨਤਕ ਵੰਡ** ਪ੍ਰਣਾਲੀ ਸ਼ੁਰੂ ਕੀਤੀ ਹੈ।

19. 1943 ਵਿੱਚ ਭਾਰਤ ਦੇ **ਬੰਗਾਲ** ਰਾਜ ਵਿੱਚ ਬਹੁਤ ਵੱਡਾ ਕਾਲ਼ ਪਿਆ।

20. **ਔਰਤਾਂ** ਅਤੇ **ਬੱਚੇ** ਕੁਪੋਸ਼ਣ ਦਾ ਵੱਧ ਸ਼ਿਕਾਰ ਹੁੰਦੇ ਹਨ ।

21. **ਅੰਤੋਦਿਆ ਕਾਰਡ** ਬਹੁਤ ਗ਼ਰੀਬ ਵਰਗ ਲਈ ਜਾਰੀ ਕੀਤਾ ਜਾਂਦਾ ਹੈ।

22. ਫ਼ਸਲਾਂ ਦੀ ਪਹਿਲਾਂ ਐਲਾਨ ਕੀਤੀ ਕੀਮਤ ਨੂੰ **ਨਿਊਨਤਮ ਸਮਰਥਨ** ਕੀਮਤ ਕਿਹਾ ਜਾਂਦਾ ਹੈ।

**ਹੇਠ ਲਿਖੇ ਵਾਕਾਂ ਦੇ ਸਾਹਮਣੇ ਸਹੀ/ਗਲਤ ਦਾ ਨਿਸ਼ਾਨ ਲਗਾਓ:-**

1. ਭੂਮੀ ਦੀ ਪੂਰਤੀ ਸੀਮਤ ਹੈ।**(ਸਹੀ)**

2. ਮਨੁੱਖ ਦੀਆਂ ਸੀਮਿਤ ਲੋੜਾਂ ਅਸੀਮਿਤ ਸਾਧਨਾਂ ਨਾਲ਼ ਪੂਰੀਆਂ ਹੁੰਦੀਆਂ ਹਨ।**(ਗਲਤ)**

3. ਕਿਰਤ ਦੀ ਪੂਰਤੀ ਨੂੰ ਵਧਾਇਆ ਅਤੇ ਘਟਾਇਆ ਨਹੀਂ ਜਾ ਸਕਦਾ। **(ਗਲਤ)**

4. ਉਦਮੀ ਜੋਖਿਮ ਉਠਾਉਂਦਾ ਹੈ।**(ਸਹੀ)**

5. ਮਸ਼ੀਨ ਅਤੇ ਜਾਨਵਰਾਂ ਦੁਆਰਾ ਕਰਵਾਇਆ ਗਿਆ ਕੰਮ ਕਿਰਤ ਹੈ।**(ਗਲਤ)**

6. ਬਾਜ਼ਾਰ ਵਿੱਚ ਵਸਤੂਆਂ ਦੀ ਕੀਮਤ ਵੱਧ ਹੋਣ ਤੇ ਉਹਨਾਂ ਦੀ ਮੰਗ ਵੱਧ ਜਾਂਦੀ ਹੈ।**(ਗਲਤ)**

7 .ਇੱਕ ਗ੍ਰਹਿਣੀ ਦਾ ਆਪਣੇ ਘਰ ਵਿੱਚ ਕੰਮ ਕਰਨਾ ਇੱਕ ਆਰਥਿਕ ਕਿਰਿਆ ਹੈ। (**ਗਲਤ**)

8 .ਸ਼ਹਿਰ ਵਿੱਚ ਜ਼ਿਆਦਾ ਛੁਪੀ ਹੋਈ ਬੇਰੁਜ਼ਗਾਰੀ ਹੁੰਦੀ ਹੈ।(**ਗਲਤ**)

9. ਮਨੁੱਖੀ ਪੂੰਜੀ ਵਿੱਚ ਨਿਵੇਸ਼ ਕਰਨ ਨਾਲ ਦੇਸ਼ ਵਿਕਸਿਤ ਹੁੰਦਾ ਹੈ। (**ਸਹੀ**)

10. ਅਰਥਵਿਵਸਥਾ ਦੇ ਵਿਕਾਸ ਲਈ ਇੱਕ ਦੇਸ਼ ਦੀ ਜਨਸੰਖਿਆ ਦਾ ਸਿਹਤਮੰਦ ਹੋਣਾ ਜ਼ਰੂਰੀ ਹੈ।(**ਸਹੀ**)

11. ਸਾਲ 1951 ਤੋਂ ਲੈ ਕੇ ਸਾਲ 2011 ਤੱਕ ਭਾਰਤ ਦੀ ਸਾਖ਼ਰਤਾ ਦਰ ਵਿੱਚ ਵਾਧਾ ਹੋਇਆ ਹੈ। (**ਸਹੀ**)

12. ਵਿਸ਼ਵ ਵਿਆਪੀ ਨਿਵੇਸ਼ ਵਿੱਚ ਤੇਜ਼ੀ ਨਾਲ ਗਿਰਾਵਟ ਆਈ ਹੈ। **(ਸਹੀ)**

13. ਖੇਤੀਬਾੜੀ ਵਿੱਚ ਛੁਪੀ ਹੋਈ ਬੇਰੁਜ਼ਗਾਰੀ ਹੁੰਦੀ ਹੈ।**(ਸਹੀ)**

14. ਪਿੰਡਾਂ ਵਿੱਚ ਪੜ੍ਹੀ ਲਿਖੀ ਬੇਰੁਜ਼ਗਾਰੀ ਜ਼ਿਆਦਾ ਹੁੰਦੀ ਹੈ। **(ਗਲਤ)**

15. ਨੈਸ਼ਨਲ ਸੈਂਪਲ ਸਰਵੇ-ਆਰਗੇਨਾਈਜ਼ੇਸ਼ਨ (NSSO) ਸਰਵੇਖਣ ਕਰਕੇ ਜਨਸੰਖਿਆ ਵਿੱਚ ਹੋ ਰਹੇ ਵਾਧੇ ਦਾ ਅਨੁਮਾਨ ਲਗਾਉਂਦੇ ਹਨ। **(ਸਹੀ)**

16. ਸਭ ਤੋਂ ਵੱਧ ਗ਼ਰੀਬੀ ਵਾਲੇ ਰਾਜ ਬਿਹਾਰ ਤੇ ਓਡੀਸ਼ਾ ਹਨ । **(ਸਹੀ)**

17.ਅੰਨ ਦੇ ਉਪਲੱਬਧ ਹੋਣ ਤੋਂ ਭਾਵ ਹੈ ਕਿ ਦੇਸ਼ ਦੇ ਅੰਦਰ ਅੰਨ ਪੈਦਾ ਨਹੀਂ ਕੀਤਾ ਜਾਂਦਾ ਹੈ। **(ਗਲਤ)**

18. ਭੁੱਖ ਅੰਨ ਸੁਰੱਖਿਆ ਦਾ ਇੱਕ ਸੂਚਕ ਹੈ। **(ਸਹੀ)**

19. ਰਾਸ਼ਨ ਦੀਆਂ ਦੁਕਾਨਾਂ ਨੂੰ ਉਚਿੱਤ ਮੁੱਲ 'ਤੇ ਸਾਮਾਨ ਵੇਚਣ ਵਾਲੀਆਂ ਦੁਕਾਨਾਂ ਵੀ ਕਿਹਾ ਜਾਂਦਾ ਹੈ ।**(ਸਹੀ)**

20. ਪੰਜਾਬ ਰਾਜ ਵਿੱਚ ਮਾਰਕਫੈੱਡ ਭਾਰਤ ਵਿੱਚ ਸਭ ਤੋਂ ਵੱਡੀ ਖ਼ਰੀਦੋ-ਫਰੋਖ਼ਤ ਸਹਿਕਾਰੀ ਸੰਸਥਾ ਹੈ।**(ਸਹੀ)**

**ਵਸਤੂਨਿਸ਼ਠ ਪ੍ਰਸ਼ਨ:**

**1. ਅਰਥ ਸ਼ਾਸਤਰ ਤੋਂ ਕੀ ਭਾਵ ਹੈ?**

ਉੱਤਰ: ਇਹ ਮਨੁੱਖ ਦੇ ਉਸ ਵਿਵਹਾਰ ਦਾ ਅਧਿਐਨ ਹੈ ਜਿਹੜਾ ਇਹ ਦੱਸਦਾ ਹੈ ਕਿ ਕਿਸ ਤਰਾਂ ਇੱਕ ਮਨੁੱਖ ਆਪਣੀਆਂ ਅਸੀਮਿਤ ਲੋੜਾਂ ਨੂੰ ਸੀਮਿਤ ਸਾਧਨਾਂ ਨਾਲ ਪੂਰਾ ਕਰ ਸਕਦਾ ਹੈ।

**2. ਭਾਰਤ ਦੇ ਪਿੰਡਾਂ ਦੀ ਮੁੱਖ ਉਤਪਾਦਨ ਕਿਰਿਆ ਕਿਹੜੀ ਹੈ?**

ਉੱਤਰ: ਖੇਤੀਬਾੜੀ।

**3. ਪਿੰਡਾਂ ਵਿੱਚ ਸਿੰਚਾਈ ਦੇ ਦੋ ਮੁੱਖ ਸਾਧਨ ਕਿਹੜੇ ਹਨ?**

ਉੱਤਰ: ਟਿਊਬਵੈੱਲ, ਨਹਿਰਾਂ।

**4. ਅਰਥ ਸ਼ਾਸਤਰ ਵਿੱਚ ਕਿਰਤ ਤੋਂ ਕੀ ਭਾਵ ਹੈ?**

ਉੱਤਰ: ਉਹ ਸਾਰੀਆਂ ਮਨੁੱਖੀ ਕੋਸ਼ਿਸ਼ਾਂ ਤੋਂ ਹੈ ਜੋ ਧਨ ਕਮਾਉਣ ਦੇ ਉਦੇਸ਼ ਨਾਲ ਕੀਤੀਆਂ ਜਾਂਦੀਆਂ ਹਨ। ਇਹ ਕੋਸ਼ਿਸ਼ਾਂ ਸਰੀਰਕ ਜਾਂ ਬੌਧਿਕ ਦੋਵੇਂ ਹੋ ਸਕਦੀਆਂ ਹਨ।

**5.ਮਾਂ ਦੁਆਰਾ ਆਪਣੇ ਬੱਚੇ ਨੂੰ ਪੜ੍ਹਾਉਣ ਦੀ ਕਿਰਿਆ ਕਿਰਤ ਹੈ ਜਾਂ ਨਹੀਂ ?**

ਉੱਤਰ: ਨਹੀਂ।

**6.ਮਜ਼ਦੂਰਾਂ ਨੂੰ ਮਿਹਨਤਾਨਾ ਕਿਸ ਰੂਪ ਵਿੱਚ ਮਿਲਦਾ ਹੈ?**

ਉੱਤਰ: ਨਕਦ ਜਾਂ ਵਸਤੂ ਦੇ ਰੂਪ ਵਿੱਚ ।

**7.ਪਿੰਡਾਂ ਦੇ ਲੋਕਾਂ ਦੁਆਰਾ ਕੀਤੀਆਂ ਜਾਣ ਵਾਲੀਆਂ ਦੋ ਗੈਰ- ਖੇਤੀ ਕਿਰਿਆਵਾਂ ਦੱਸੋ ।**

ਉੱਤਰ: ਡੇਅਰੀ ਫਾਰਮਿੰਗ, ਮੁਰਗੀ ਪਾਲਣਾ।

**8.ਵੱਡੇ ਅਤੇ ਛੋਟੇ ਕਿਸਾਨ ਖੇਤੀ ਲਈ ਪੂੰਜੀ ਕਿੱਥੋਂ ਪ੍ਰਾਪਤ ਕਰਦੇ ਹਨ?**

ਉੱਤਰ: ਵੱਡੇ ਕਿਸਾਨ ਖੇਤੀਬਾੜੀ ਤੋਂ ਹੋਣ ਵਾਲੀ ਬੱਚਤ ਤੋਂ ਪੂੰਜੀ ਪ੍ਰਾਪਤ ਕਰਦੇ ਹਨ ਅਤੇ ਛੋਟੇ ਕਿਸਾਨ ਉੱਚੀ ਵਿਆਜ ਦਰ ਤੇ ਕਰਜ਼ਾ ਲੈਂਦੇ ਹਨ।

**9.ਭੂਮੀ ਦੀ ਇੱਕ ਵਿਸ਼ੇਸ਼ਤਾ ਲਿਖੋ।**

ਉੱਤਰ :ਭੂਮੀ ਕੁਦਰਤ ਦਾ ਮੁਫ਼ਤ ਤੋਹਫ਼ਾ ਹੈ।

**10.ਮਜ਼ਦੂਰ ਇਕ ਰਾਜ ਤੋਂ ਦੂਜੇ ਰਾਜ ਵਿਚ ਪਰਵਾਸ ਕਿਉਂ ਕਰਦੇ ਹਨ ?**

ਉੱਤਰ: ਆਪਣੀ ਰੋਜ਼ੀ-ਰੋਟੀ ਕਮਾਉਣ ਲਈ ਮਜ਼ਦੂਰ ਇੱਕ ਰਾਜ ਤੋਂ ਦੂਜੇ ਰਾਜ ਵਿੱਚ ਪਰਵਾਸ ਕਰਦੇ ਹਨ।

**11.ਕਿਸਾਨ ਪਰਾਲੀ ਨੂੰ ਅੱਗ ਕਿਉਂ ਲਗਾਉਂਦੇ ਹਨ ?**

ਉੱਤਰ : ਪਰਾਲੀ ਸਮੇਟਣ ਦਾ ਕੋਈ ਵਿਸ਼ੇਸ ਪ੍ਰਬੰਧ ਨਾ ਹੋਣ ਕਰਕੇ।

**12. ਦੋ ਕੁਦਰਤੀ ਸਾਧਨਾਂ ਦੇ ਨਾਂ ਦੱਸੋ।**

ਉੱਤਰ- ਹਵਾ,ਮਿੱਟੀ ਅਤੇ ਪਾਣੀ ।

**13.ਜਰਮਨੀ ਅਤੇ ਜਾਪਾਨ ਜਿਹੇ ਦੇਸ਼ਾਂ ਨੇ ਤੇਜ਼ੀ ਨਾਲ ਆਰਥਿਕ ਵਿਕਾਸ ਕਿਵੇਂ ਕੀਤਾ ?**

ਉੱਤਰ- ਕਿਉਂਕਿ ਉਨ੍ਹਾਂ ਨੇ ਮਨੁੱਖੀ ਸੰਸਾਧਨਾਂ ਸੰਬੰਧੀ ਵਿਸ਼ੇਸ਼ ਰੂਪ ਵਿੱਚ ਸਿੱਖਿਆ ਅਤੇ ਸਿਹਤ ਦੇ ਖੇਤਰ ਵਿੱਚ ਨਿਵੇਸ਼ ਕੀਤਾ ।

**14.ਆਰਥਿਕ ਕਿਰਿਆਵਾਂ ਕੀ ਹਨ?**

ਉੱਤਰ- ਉਹ ਸਾਰੀਆਂ ਗਤੀਵਿਧੀਆਂ ਜੋ ਮਨੁੱਖ ਦੁਆਰਾ ਧਨ ਕਮਾਉਣ ਲਈ ਕੀਤੀਆਂ ਜਾਂਦੀਆਂ ਹਨ ,ਨੂੰ ਆਰਥਿਕ ਕਿਰਿਆਵਾਂ ਕਹਿੰਦੇ ਹਨ।

**15.ਗੌਣ ਖੇਤਰ ਦੀਆਂ ਦੋ ਉਦਾਹਰਣਾਂ ਲਿਖੋ ।**

ਉੱਤਰ-ਗੰਨੇ ਤੋਂ ਗੁੜ ਬਣਾਉਣਾ ਅਤੇ ਕਪਾਹ ਤੋਂ ਕੱਪੜਾ ਬਣਾਉਣਾ।

**16.ਗ਼ੈਰ ਆਰਥਿਕ ਕਿਰਿਆਵਾਂ ਕਿਹੜੀਆਂ ਹਨ ?**

ਉੱਤਰ-ਉਹ ਕਿਰਿਆਵਾਂ ਜਿਨ੍ਹਾਂ ਦੇ ਕਰਨ ਨਾਲ ਮਨੁੱਖ ਨੂੰ ਆਮਦਨ ਪ੍ਰਾਪਤ ਨਹੀਂ ਹੁੰਦੀ ।

**17.ਜਨਸੰਖਿਆ ਦੀ ਗੁਣਵੱਤਾ ਦੇ ਦੋ ਨਿਰਧਾਰਕਾਂ ਦੇ ਨਾਂ ਲਿਖੋ ।**

ਉੱਤਰ- ਚੰਗੀ ਸਿੱਖਿਆ ਅਤੇ ਲੋਕਾਂ ਦੀ ਸਿਹਤ ।

**18.ਸਭ ਤੋਂ ਵੱਧ ਸਾਖ਼ਰਤਾ ਵਾਲੇ ਰਾਜ ਦਾ ਨਾਂ ਦੱਸੋ ।**

ਉੱਤਰ- ਕੇਰਲਾ ।

**19.ਭਾਰਤ ਵਿੱਚ ਜਨਸੰਖਿਆ ਦੀ ਕਾਰਜਸ਼ੀਲਤਾ ਉਮਰ ਹੱਦ ਕੀ ਹੈ ?**

ਉੱਤਰ-15-59 ਸਾਲ ।

20. **ਗ਼ਰੀਬੀ ਰੇਖਾ ਤੋਂ ਕੀ ਭਾਵ ਹੈ ?**

**ਉੱਤਰ** : ਜ਼ਿੰਦਗੀ ਦੀਆਂ ਬੁਨਿਆਦੀ ਲੋੜਾਂ ਨੂੰ ਪੂਰਾ ਕਰਨ ਲਈ ਲੋੜੀਂਦੀ ਘੱਟੋ ਘੱਟ ਆਮਦਨ ਨੂੰ ਮਾਪਣ ਦੀ ਵਿਧੀ ਨੂੰ ਗ਼ਰੀਬੀ ਰੇਖਾ ਕਹਿੰਦੇ ਹਨ।

21. **ਗ਼ਰੀਬੀ ਦੇ ਦੋ ਮਾਪਦੰਡਾਂ ਦੀ ਨਾਂ ਦੱਸੋ।**

**ਉੱਤਰ**: ਆਮਦਨ ਅਤੇ ਉਪਭੋਗ

22. **ਭਾਰਤ ਦੇ ਸਭ ਤੋਂ ਵੱਧ ਦੋ ਗਰੀਬ ਰਾਜਾਂ ਦੇ ਨਾਂ ਦੱਸੋ ।**

**ਉੱਤਰ :** ਉੜੀਸਾ ਅਤੇ ਬਿਹਾਰ।

23 **ਕੇਰਲਾ ਨੇ ਗ਼ਰੀਬੀ ਕਿਵੇਂ ਸਭ ਤੋਂ ਵੱਧ ਘਟਾਈ ਹੈ?**

**ਉੱਤਰ :** ਮਨੁੱਖੀ ਸੰਸਾਧਨ ਵਿਕਾਸ ਵੱਲ ਜ਼ਿਆਦਾ ਧਿਆਨ ਦੇ ਕੇ।

24. **ਪੱਛਮੀ ਬੰਗਾਲ ਨੂੰ ਗਰੀਬੀ ਹਟਾਉਣ ਵਿੱਚ ਕਿਸ ਨੇ ਸਹਾਇਤਾ ਕੀਤੀ**?

**ਉੱਤਰ :** ਭੂਮੀ ਸੁਧਾਰ ਤਰੀਕਿਆਂ ਨੇ।

25. **ਦੋ ਰਾਜਾਂ ਦੇ ਨਾਮ ਦੱਸੋ ਜਿਨ੍ਹਾਂ ਨੇ ਉੱਚ ਖ਼ੇਤੀਬਾੜੀ ਵਾਧਾ ਦਰ ਦੀ ਸਹਾਇਤਾ ਨਾਲ ਗ਼ਰੀਬੀ ਘਟਾਈ ਹੈ**?

**ਉੱਤਰ :** ਪੰਜਾਬ ਅਤੇ ਹਰਿਆਣਾ।

26. **ਗ਼ਰੀਬੀ ਦੇ ਦੋ ਕਾਰਨ ਦੱਸੋ** ?

**ਉੱਤਰ :** 1. ਆਰਥਿਕ ਵਿਕਾਸ ਦੀ ਧੀਮੀ ਦਰ 2. ਭਾਰੀ ਜਨਸੰਖਿਆ ਦਬਾਅ

27. **ਦੋ ਗ਼ਰੀਬੀ ਘਟਾਉਣ ਵਾਲੇ ਪ੍ਰੋਗਰਾਮਾਂ ਦੇ ਨਾਂ ਦੱਸੋ।**

**ਉੱਤਰ :** 1) ਮਹਾਤਮਾ ਗਾਂਧੀ ਨੈਸ਼ਨਲ ਰੂਰਲ ਇੰਮਪਲਾਇਮੈਂਟ ਗਾਰੰਟੀ ਐਕਟ (MNREGA 2005)

2) ਸੰਪੂਰਨ ਗ੍ਰਾਮੀਣ ਰੁਜ਼ਗਾਰ ਯੋਜਨਾ (SGRY)

28. **ਅੰਨ ਸੁਰੱਖਿਆ ਤੋਂ ਕੀ ਭਾਵ ਹੈ?**

**ਉੱਤਰ :** ਅੰਨ ਸੁਰੱਖਿਆ ਤੋਂ ਭਾਵ ਹੈ ਕਿ ਹਰ ਸਮੇਂ ਹਰੇਕ ਵਿਅਕਤੀ ਨੂੰ ਅੰਨ ਉਪਲੱਬਧ ਹੋਵੇ, ਉਸ ਦੀ ਪਹੁੰਚ ਵਿੱਚ ਹੋਵੇ ਅਤੇ ਉਹ ਉਸ ਅੰਨ ਨੂੰ ਖਰੀਦਣ ਦੀ ਸਮਰੱਥਾ ਰੱਖਦਾ ਹੋਵੇ।

29. **ਆਕਾਲ ਤੋਂ ਕੀ ਭਾਵ ਹੈ?**

**ਉੱਤਰ :** ਆਕਾਲ ਤੋਂ ਭਾਵ ਹੈ ਅੰਨ ਦੀ ਬਹੁਤ ਜ਼ਿਆਦਾ ਘਾਟ ਹੋਣਾ ਅਤੇ ਭੁੱਖਮਰੀ ਪੈਦਾ ਹੋ ਜਾਣਾ ।

30. **ਮਹਾਂਮਾਰੀ ਦੀਆਂ ਕੋਈ ਦੋ ਉਦਾਹਰਨਾਂ ਦਿਓ ।**

**ਉੱਤਰ :** ਸੋਕਾ ਅਤੇ ਆਕਾਲ਼

31. **ਆਕਾਲ ਦੇ ਦੌਰਾਨ ਕਿਹੜੇ ਲੋਕ ਜ਼ਿਆਦਾ ਪੀੜਤ ਹੁੰਦੇ ਹਨ?**

**ਉੱਤਰ :** ਔਰਤਾਂ ਅਤੇ ਬੱਚੇ ।

32 **'ਹੱਕਾ ਦੀ ਧਾਰਨਾ ਕਿਸ ਵਿਅਕਤੀ ਨੇ ਦਿੱਤੀ?**

**ਉੱਤਰ :** ਡਾ. ਅਮਰਤਿਆ ਸੇਨ ਨੇ।

33.**ਅੰਨ ਅਸੁਰੱਖਿਅਤ ਲੋਕ ਕੌਣ ਹਨ?**

**ਉੱਤਰ :** ਭੂਮੀ ਰਹਿਤ ਵਰਗ, ਕਾਰੀਗਰ, ਛੋਟੇ ਰੁਜ਼ਗਾਰਾਂ ਵਿੱਚ ਲੱਗੇ ਲੋਕ, ਦਿਹਾੜੀਦਾਰ ਮਜ਼ਦੂਰ, ਔਰਤਾਂ ਅਤੇ ਬੱਚੇ ਆਦਿ ।

34. **ਉਨ੍ਹਾਂ ਰਾਜਾਂ ਦੇ ਨਾਂ ਲਿਖੋ ਜਿੱਥੇ ਅੰਨ ਅਸੁਰੱਖਿਅਤ ਲੋਕ ਜ਼ਿਆਦਾ ਗਿਣਤੀ ਵਿੱਚ ਰਹਿੰਦੇ ਹਨ।**

**ਉੱਤਰ :** ਉੱਤਰ ਪ੍ਰਦੇਸ਼, ਓਡੀਸ਼ਾ, ਬਿਹਾਰ, ਝਾਰਖੰਡ, ਪੱਛਮੀ ਬੰਗਾਲ, ਛੱਤੀਸਗੜ੍ਹ, ਮੱਧ ਪ੍ਰਦੇਸ਼ ਅਤੇ ਮਹਾਂਰਾਸ਼ਟਰ ਆਦਿ।

## ਤਿੰਨ ਅੰਕ ਵਾਲੇ ਮਹੱਤਵਪੂਰਨ ਪ੍ਰਸ਼ਨ:-

**1.ਬਹੁ-ਫ਼ਸਲੀ ਵਿਧੀ ਕੀ ਹੈ ? ਸਪੱਸ਼ਟ ਕਰੋ।**

ਉੱਤਰ :ਇਕ ਸਾਲ ਵਿੱਚ ਭੂਮੀ ਦੇ ਇੱਕ ਟੁਕੜੇ ਤੇ ਇੱਕ ਤੋਂ ਜ਼ਿਆਦਾ ਫ਼ਸਲਾਂ ਉਗਾਉਣ ਦੀ ਵਿਧੀ ਨੂੰ ਬਹੁ- ਫ਼ਸਲੀ ਵਿਧੀ ਕਹਿੰਦੇ ਹਨ। ਇਹ ਭੂਮੀ ਦੇ ਇੱਕ ਟੁਕੜੇ ਤੇ ਪੈਦਾਵਾਰ ਵਧਾਉਣ ਦਾ ਤਰੀਕਾ ਹੈ ।ਇਹ ਸਭ ਟਿਊਬਵੈੱਲ ਅਤੇ ਕਿਸਾਨਾਂ ਨੂੰ ਲਗਾਤਾਰ ਬਿਜਲੀ ਦੀ ਪੂਰਤੀ ਹੋਣ ਕਾਰਨ ਸੰਭਵ ਹੋ ਸਕਿਆ ਹੈ ।

**2.ਹਰੀ ਕ੍ਰਾਂਤੀ ਤੋਂ ਕੀ ਭਾਵ ਹੈ? ਇਹ ਕਿਵੇਂ ਸੰਭਵ ਹੋਈ ।**

ਉੱਤਰ: ਹਰੀ ਕ੍ਰਾਂਤੀ ਦੋ ਸ਼ਬਦਾਂ ਹਰੀ + ਕ੍ਰਾਂਤੀ ਦੇ ਸੁਮੇਲ ਤੋਂ ਬਣਿਆ ਹੈ। ਹਰੀ ਦਾ ਅਰਥ ਹੈ ਹਰਿਆਲੀ ਅਤੇ ਕ੍ਰਾਂਤੀ ਦਾ ਅਰਥ ਹੈ ਐਨੀਂ ਤੇਜ਼ੀ ਨਾਲ ਹੋਣ ਵਾਲਾ ਪਰਿਵਰਤਨ ਕੇ ਸਭ ਹੈਰਾਨ ਰਹਿ ਜਾਣ ।ਇਸ ਸ਼ਬਦ ਦਾ ਪ੍ਰਯੋਗ ਖੇਤੀ ਦੇ ਉਤਪਾਦਨ ਵਿੱਚ ਹੋਣ ਵਾਲੀ ਉੱਨਤੀ ਲਈ ਕੀਤਾ ਗਿਆ। ਭਾਰਤ ਵਿਚ ਯੋਜਨਾਵਾਂ ਦੀ ਅਵਧੀ ਦੌਰਾਨ ਅਪਣਾਏ ਗਏ ਖੇਤੀ ਸੁਧਾਰਾਂ ਦੇ ਕਾਰਨ 1967-68 ਵਿੱਚ ਅਨਾਜ ਦੇ ਉਤਪਾਦਨ ਵਿੱਚ 1966-67 ਦੀ ਤੁਲਨਾ ਵਿੱਚ ਲਗਪਗ 25% ਵਾਧਾ ਹੋਇਆ। ਕਿਸੇ ਇੱਕ ਸਾਲ ਵਿੱਚ ਉਤਪਾਦਨ ਵਿੱਚ ਇੰਨ੍ਹਾ ਜ਼ਿਆਦਾ ਵਾਧਾ ਕਿਸੇ ਕ੍ਰਾਂਤੀ ਤੋਂ ਘੱਟ ਨਹੀਂ ਸੀ। ਇਹ ਸਭ ਖੇਤੀ ਵਿੱਚ ਨਵੀਆਂ ਤਕਨੀਕਾਂ ਅਪਨਾਉਣ ਕਾਰਨ ਸੰਭਵ ਹੋਇਆ ।ਇਸ ਲਈ ਇਸ ਨੂੰ ਹਰੀ ਕ੍ਰਾਂਤੀ ਦਾ ਨਾਮ ਦਿੱਤਾ ।

3.**ਆਰਥਿਕ ਅਤੇ ਅਣ-ਆਰਥਿਕ ਕਿਰਿਆਵਾਂ ਵਿੱਚ ਅੰਤਰ ਲਿਖੋ ।**

**ਉੱਤਰ:ਆਰਥਿਕ ਕਿਰਿਆਵਾਂ** : 1.ਆਰਥਿਕ ਕਿਰਿਆਵਾਂ ਅਰਥ-ਵਿਵਸਥਾ ਵਿੱਚ ਵਸਤਾਂ ਅਤੇ ਸੇਵਾਵਾਂ ਦਾ ਪ੍ਰਵਾਹ ਕਰਦੀਆਂ ਹਨ।

2.ਅਰਥ-ਵਿਵਸਥਾ ਵਿੱਚ ਉੱਨਤੀ ਆਰਥਿਕ ਕਿਰਿਆਵਾਂ ਵਿੱਚ ਹੋਣ ਵਾਲੇ ਵਾਧੇ ਕਾਰਨ ਹੁੰਦੀ ਹੈ।

3.ਆਰਥਿਕ ਕਿਰਿਆਵਾਂ ਨਾਲ ਘਰੇਲੂ ਅਤੇ ਰਾਸ਼ਟਰੀ ਆਮਦਨ ਵਿੱਚ ਵਾਧਾ ਹੁੰਦਾ ਹੈ।

**ਅਣ-ਆਰਥਿਕ ਕਿਰਿਆਵਾਂ**:1.ਇਨ੍ਹਾਂ ਕਿਰਿਆਵਾਂ ਨਾਲ ਅਰਥ-ਵਿਵਸਥਾ ਵਿੱਚ ਵਸਤਾਂ ਅਤੇ ਸੇਵਾਵਾਂ ਦਾ ਕੋਈ ਪ੍ਰਵਾਹ ਨਹੀਂ ਹੁੰਦਾ।

2.ਇਨ੍ਹਾਂ ਕਿਰਿਆਵਾਂ ਦੇ ਵਾਧੇ ਨਾਲ ਅਰਥ-ਵਿਵਸਥਾ ਵਿੱਚ ਹੋਈ ਉੱਨਤੀ ਨਹੀਂ ਹੁੰਦੀ।

3.ਇਨ੍ਹਾਂ ਕਿਰਿਆਵਾਂ ਨਾਲ ਕਿਸੇ ਰਾਸ਼ਟਰੀ ਜਾਂ ਵਿਅਕਤੀਗਤ ਆਮਦਨ ਵਿੱਚ ਵਾਧਾ ਨਹੀਂ ਹੁੰਦਾ।

**4. ਕਿਰਤ ਦੀਆਂ ਮੁੱਖ ਵਿਸ਼ੇਸ਼ਤਾਵਾਂ ਕਿਹੜੀਆਂ ਹਨ?**

ਉੱਤਰ 1.ਇਹ ਕਿਰਿਆਸ਼ੀਲ ਸਾਧਨ ਹੈ । 2.ਕਿਰਤ ਗਤੀਸ਼ੀਲ ਹੈ ।

3.ਕਿਰਤ ਨੂੰ ਖ਼ਰੀਦਿਆ ਅਤੇ ਵੇਚਿਆ ਜਾਂਦਾ ਹੈ। 4.ਕਿਰਤ ਨੂੰ ਵਧਾਇਆ ਘਟਾਇਆ ਜਾ ਸਕਦਾ ਹੈ।

5.ਧਨ ਕਮਾਉਣ ਦੇ ਉਦੇਸ਼ ਨਾਲ ਕੀਤੇ ਸਾਰੇ ਮਨੁੱਖੀ ਯਤਨ ਕਿਰਤ ਹੁੰਦੇ ਹਨ।

**5. ਭਾਰਤ ਦੇ ਪਿੰਡਾਂ ਵਿੱਚ ਕਿਹੜੀਆਂ -ਕਿਹੜੀਆਂ ਗ਼ੈਰ ਖੇਤੀ ਕਿਰਿਆਵਾਂ ਕੀਤੀਆਂ ਜਾਂਦੀਆਂ ਹਨ ?**

ਉੱਤਰ :ਪਸ਼ੂ ਪਾਲਣ, ਡੇਅਰੀ ਫਾਰਮਿੰਗ, ਮੁਰਗੀ ਪਾਲਣ, ਸ਼ਹਿਦ ਦੀਆਂ ਮੱਖੀਆਂ ਪਾਲਣਾ, ਆਟਾ ਚੱਕੀਆਂ, ਬੁਣਨ ਉਦਯੋਗ, ਲੱਕੜੀ ਦਾ ਕੰਮ, ਲੋਹੇ ਦੇ ਔਜ਼ਾਰ ਬਣਾਉਣਾ, ਦੁਕਾਨਦਾਰੀ ਅਤੇ ਆਵਾਜਾਈ ਦੇ ਸਾਧਨਾਂ ਦਾ ਸੰਚਾਲਨ ਆਦਿ।

**6.ਫ਼ਸਲਾਂ ਦੀ ਰਹਿੰਦ -ਖੂੰਹਦ ਨੂੰ ਜ਼ਮੀਨ ਵਿੱਚ ਸਾੜਨ ਨਾਲ ਜ਼ਮੀਨ ਦੀ ਗੁਣਵੱਤਾ 'ਚ ਨਿਘਾਰ ਕਿਉਂ ਆਉਂਦਾ ਹੈ?**

ਉੱਤਰ : ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਖੇਤਾਂ ਵਿੱਚ ਸਾੜਨ ਨਾਲ ਜ਼ਮੀਨ ਦੀ ਉੱਪਰਲੀ ਤਹਿ ਦਾ ਤਾਪਮਾਨ ਵੱਧ ਜਾਂਦਾ ਹੈ ਅਤੇ ਜ਼ਮੀਨ ਤੇ ਮਿਲਣ ਵਾਲੇ ਸੂਖਮ-ਜੀਵ, ਬੈਕਟੀਰੀਆ, ਮਿੱਤਰ ਕੀੜੇ, ਉੱਲੀ ਅਤੇ ਪੰਛੀ ਆਦਿ ਮਰ ਜਾਂਦੇ ਹਨ। ਇਸ ਨਾਲ ਜ਼ਮੀਨ ਵਿਚਲੇ ਲਾਭਦਾਇਕ ਤੱਤ ਵੀ ਨਸ਼ਟ ਹੋ ਜਾਂਦੇ ਹਨ।

**7.ਮਨੁੱਖੀ ਸੰਸਾਧਨਾਂ ਤੋਂ ਤੁਸੀਂ ਕੀ ਸਮਝਦੇ ਹੋ ?**

ਉੱਤਰ-ਕਿਸੇ ਵੀ ਦੇਸ਼ ਦੇ ਕੰਮ ਕਰਨ ਵਾਲੇ ਉਹ ਲੋਕ ਜਿਹੜੇ ਆਪਣੀ ਵਰਤਮਾਨ ਉਤਪਾਦਨ, ਕੁਸ਼ਲਤਾ ਅਤੇ ਯੋਗਤਾ ਨਾਲ ਕੁੱਲ ਰਾਸ਼ਟਰੀ ਉਤਪਾਦ ਦੀ ਸਿਰਜਣਾ ਵਿੱਚ ਅਹਿਮ ਹਿੱਸਾ ਪਾਉਂਦੇ ਹਨ, ਨੂੰ ਮਨੁੱਖੀ ਸੰਸਾਧਨ ਕਹਿੰਦੇ ਹਨ । ਮਨੁੱਖੀ ਸਾਧਨ ਬਹੁਤ ਜ਼ਿਆਦਾ ਮਹੱਤਵਪੂਰਨ ਸਾਧਨ ਹਨ ਕਿਉਂਕਿ ਇਹ ਕੁਦਰਤੀ ਸਾਧਨਾਂ ਨੂੰ ਹੋਰ ਜ਼ਿਆਦਾ ਉਪਯੋਗੀ ਬਣਾ ਦਿੰਦੇ ਹਨ ।ਜਿਸ ਦੇਸ਼ ਕੋਲ ਬਹੁਤ ਜ਼ਿਆਦਾ ਪੜ੍ਹੇ-ਲਿਖੇ ਅਤੇ ਕੁਸ਼ਲ ਲੋਕ ਹੋਣ, ਉਹ ਦੇਸ਼ ਕੁਦਰਤੀ ਸਾਧਨਾਂ ਦੀ ਸਹੀ ਵਰਤੋਂ ਨਾਲ ਉਤਪਾਦਨ ਕਰ ਸਕਦਾ ਹੈ।

**8.ਭਾਰਤ ਸਰਕਾਰ ਦੁਆਰਾ ਸਿੱਖਿਆ ਦੇ ਪਸਾਰ ਲਈ ਕੀ ਕਦਮ ਚੁੱਕੇ ਗਏ ਹਨ ?**

ਉੱਤਰ-1.ਗਿਆਰਵੀਂ ਪੰਜ ਸਾਲਾ ਯੋਜਨਾ ਵਿੱਚ ਸਰਕਾਰ ਵੱਲੋਂ ਸਿੱਖਿਆ ਸੰਸਥਾਵਾਂ ਲਈ 3766.90 ਕਰੋੜ ਰੁਪਏ ਖਰਚ ਕੀਤੇ ਗਏ ।

2.ਸਿੱਖਿਆ ਸੰਸਥਾਵਾਂ ਦੀ ਸੰਖਿਆ ਵਿੱਚ ਚਾਰ ਗੁਣਾ ਵਾਧਾ ਕੀਤਾ ਗਿਆ ਹੈ ।

3.ਭਾਰਤ ਦੇ ਲਗਭਗ 5,00,000 ਪਿੰਡਾਂ ਵਿੱਚ ਪ੍ਰਾਇਮਰੀ ਸਕੂਲਾਂ ਦਾ ਵਿਸਥਾਰ ਹੋਇਆ ਹੈ ।

4.'ਸਰਵ ਸਿੱਖਿਆ ਅਭਿਆਨ' ਅਧੀਨ ਛੇ ਤੋਂ ਚੌਦਾਂ ਸਾਲ ਦੀ ਉਮਰ ਦੇ ਬੱਚਿਆਂ ਨੂੰ ਲਾਜ਼ਮੀ ਐਲੀਮੈਂਟਰੀ ਸਿੱਖਿਆ ਪ੍ਰਦਾਨ ਕਰਨਾ ਇਕ ਮਹੱਤਵਪੂਰਨ ਕਦਮ ਹੈ।

5.ਬੱਚਿਆਂ ਦੇ ਭੋਜਨ ਪੱਧਰ ਨੂੰ ਸੁਧਾਰਨ ਲਈ ਸਕੂਲਾਂ ਵਿੱਚ ਮਿਡ -ਡੇ- ਮੀਲ ਦੀ ਸਕੀਮ ਲਾਗੂ ਕੀਤੀ ਗਈ ਹੈ ।

6.ਸਾਰੇ ਜ਼ਿਲ੍ਹਿਆਂ ਵਿਚ ਨਵੋਦਿਯਾ ਸਕੂਲ ਖੋਲ੍ਹੇ ਜਾਣ ਦਾ ਟੀਚਾ ਮਿਥਿਆ ਹੈ ।

9. **ਆਰਥਿਕ ਤੇ ਅਣ-ਆਰਥਿਕ ਕਿਰਿਆਵਾਂ ਵਿੱਚ ਕੀ ਅੰਤਰ ਹੈ ?**

ਉੱਤਰ-

| **ਆਰਥਿਕ ਕਿਰਿਆਵਾਂ** | **ਅਣ-ਆਰਥਿਕ ਕਿਰਿਆਵਾਂ** |
|---|---|
| 1.ਇਹ ਕਿਰਿਆਵਾਂ ਧਨ ਕਮਾਉਣ ਲਈ ਕੀਤੀਆਂ ਜਾਂਦੀਆਂ ਹਨ। | 1.ਇਹ ਕਿਰਿਆਵਾਂ ਧਨ ਕਮਾਉਣ ਲਈ ਨਹੀਂ ਕੀਤੀਆਂ ਜਾਂਦੀਆਂ। |
| 2.ਇਹਨਾਂ ਕਿਰਿਆਵਾਂ ਨਾਲ ਰਾਸ਼ਟਰੀ ਆਮਦਨ ਵਿੱਚ ਵਾਧਾ ਹੁੰਦਾ ਹੈ। | 2.ਇਹਨਾਂ ਕਿਰਿਆਵਾਂ ਨਾਲ ਰਾਸ਼ਟਰੀ ਆਮਦਨ ਵਿੱਚ ਕੋਈ ਵਾਧਾ ਨਹੀਂ ਹੁੰਦਾ। |

| | |
|---|---|
| 3.ਇਹ ਕਿਰਿਆਵਾਂ ਵਸਤਾਂ ਅਤੇ ਸੇਵਾਵਾਂ ਦੇ ਪ੍ਰਵਾਹ ਵਿੱਚ ਹਿੱਸਾ ਪਾਉਂਦੀਆਂ ਹਨ। | 3.ਇਹ ਕਿਰਿਆਵਾਂ ਵਸਤਾਂ ਅਤੇ ਸੇਵਾਵਾਂ ਦੇ ਪ੍ਰਵਾਹ ਵਿੱਚ ਹਿੱਸਾ ਨਹੀਂ ਪਾਉਂਦੀਆਂ । |

**10.ਛੁਪੀ ਬੇਰੁਜ਼ਗਾਰੀ ਅਤੇ ਮੌਸਮੀ ਬੇਰੁਜ਼ਗਾਰੀ ਵਿੱਚ ਅੰਤਰ ਸਪੱਸ਼ਟ ਕਰੋ ?**

ਉੱਤਰ-

| ਛੁਪੀ ਬੇਰੁਜ਼ਗਾਰੀ | ਮੌਸਮੀ ਬੇਰੁਜ਼ਗਾਰੀ |
|---|---|
| 1.ਇਹ ਬੇਰੁਜ਼ਗਾਰੀ ਦੀ ਉਹ ਕਿਸਮ ਹੈ ਜਿੱਥੇ ਕਿਸੇ ਕੰਮ ਵਿੱਚ ਲੋੜ ਤੋਂ ਜ਼ਿਆਦਾ ਮਜ਼ਦੂਰ ਲੱਗੇ ਹਨ। | 1.ਇਹ ਬੇਰੁਜ਼ਗਾਰੀ ਦੀ ਉਹ ਕਿਸਮ ਹੈ ਜਦੋਂ ਲੋਕਾਂ ਨੂੰ ਸਾਲ ਵਿੱਚ ਕੁੱਝ ਮਹੀਨੇ ਕੰਮ ਮਿਲਦਾ ਹੈ ਅਤੇ ਬਾਕੀ ਮਹੀਨਿਆਂ ਵਿਚ ਉਹ ਬੇਰੁਜ਼ਗਾਰ ਰਹਿੰਦੇ ਹਨ । |
| 2.ਇਹ ਖੇਤੀ ਖੇਤਰ ਵਿੱਚ ਪਾਈ ਜਾਂਦੀ ਹੈ। | 2.ਇਹ ਖੇਤੀ ਸੰਬੰਧੀ ਉਦਯੋਗਾਂ ਵਿਚ ਪਾਈ ਜਾਂਦੀ ਹੈ । |
| 3.ਇਹ ਪੇਂਡੂ ਖੇਤਰ ਵਿੱਚ ਪਾਈ ਜਾਂਦੀ ਹੈ। | 3.ਪੇਂਡੂ ਅਤੇ ਸ਼ਹਿਰੀ ਦੋਵੇਂ ਖੇਤਰਾਂ ਵਿਚ ਪਾਈ ਜਾਂਦੀ ਹੈ । |

**1. ਗਰੀਬੀ ਤੋਂ ਕੀ ਭਾਵ ਹੈ? ਵਿਆਖਿਆ ਕਰੋ।**

**ਉੱਤਰ** : ਗਰੀਬੀ ਉਹ ਸਥਿਤੀ ਹੈ, ਜਿਸ 'ਚ ਲੋਕ ਆਪਣੀ ਜ਼ਿੰਦਗੀ ਦੀਆਂ ਘੱਟੋ-ਘੱਟ ਮੁੱਢਲੀਆਂ ਲੋੜਾਂ ਜਿਵੇਂ ਰੋਟੀ, ਕੱਪੜਾ, ਮਕਾਨ, ਸਿੱਖਿਆ ਅਤੇ ਸਿਹਤ ਸੁਵਿਧਾਵਾਂ ਆਦਿ ਪ੍ਰਾਪਤ ਕਰਨ ਤੋਂ ਅਸਮਰੱਥ ਹੁੰਦੇ ਹਨ । ਮੁੱਢਲੀਆਂ ਲੋੜਾਂ ਪੂਰੀਆਂ ਨਾ ਹੋਣ ਤੇ ਗ਼ਰੀਬੀ ਵਿੱਚ ਰਹਿ ਰਹੇ ਲੋਕਾਂ ਦੀ ਸਿਹਤ ਅਤੇ ਕੁਸ਼ਲਤਾ ਦੀ ਹਾਨੀ ਹੁੰਦੀ ਹੈ, ਜਿਸ ਨਾਲ ਦੇਸ਼ ਨਿਰੰਤਰ ਗ਼ਰੀਬ ਰਹਿੰਦਾ ਹੈ ।

12**. ਗ਼ਰੀਬ ਲੋਕਾਂ ਨੂੰ ਕਿਹੜੀਆਂ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ?**

**ਉੱਤਰ** :1.ਗ਼ਰੀਬ ਲੋਕ ਆਪਣੀਆਂ ਮੁੱਢਲੀਆਂ ਲੋੜਾਂ ਜਿਵੇਂ ਰੋਟੀ, ਕੱਪੜਾ ਅਤੇ ਮਕਾਨ ਆਦਿ ਨੂੰ ਪੂਰਾ ਕਰਨ ਵਿੱਚ ਅਸਮਰੱਥ ਹੁੰਦੇ ਹਨ।

**2.** ਗ਼ਰੀਬ ਲੋਕ ਚੰਗੀਆਂ ਸਿਹਤ ਸਹੂਲਤਾਂ ਪ੍ਰਾਪਤ ਨਹੀਂ ਕਰ ਸਕਦੇ।

**3.**ਗ਼ਰੀਬ ਲੋਕ ਆਪਣੇ ਬੱਚਿਆਂ ਨੂੰ ਸਕੂਲ ਭੇਜਣ ਵਿੱਚ ਅਸਮਰੱਥ ਹੁੰਦੇ ਹਨ।

**4.**ਗਰੀਬ ਲੋਕਾਂ ਨੂੰ ਸਮਾਜਿਕ ਅਸਮਾਨਤਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

13. **ਭਾਰਤ ਵਿੱਚ ਗ਼ਰੀਬੀ ਦੇ ਤਿੰਨ ਮੁੱਖ ਕਾਰਨ ਕਿਹੜੇ ਹਨ ?**

**ਉੱਤਰ** : **1. ਆਰਥਿਕ ਵਿਕਾਸ ਦੀ ਧੀਮੀ ਦਰ-** ਭਾਰਤ 100 ਸਾਲਾਂ ਤੋਂ ਵੀ ਵੱਧ ਅੰਗਰੇਜ਼ੀ ਰਾਜ ਦੇ ਅਧੀਨ ਰਿਹਾ ਹੈ। ਅੰਗਰੇਜ਼ੀ ਸਰਕਾਰ ਦੀ ਨੀਤੀਆਂ ਨੇ ਪਰੰਪਰਿਕ ਕੱਪੜਾ ਉਦਯੋਗ, ਘਰੇਲੂ ਅਤੇ ਛੋਟੇ ਉਦਯੋਗ ਜਿਹੜੇ ਕਿ ਉਸ ਸਮੇ ਉੱਨਤੀ ਕਰ ਰਹੇ ਸਨ, ਨੂੰ ਨਿਰਉਤਸ਼ਾਹਿਤ ਕੀਤਾ । ਇਸ ਦੇ ਕਾਰਨ ਰੁਜ਼ਗਾਰ ਦੇ ਅਵਸਰ, ਅਮਦਨ ਅਤੇ ਵਿਕਾਸ ਦੀ ਵਾਧਾ ਦਰ ਵਿੱਚ ਗਿਰਾਵਟ ਆਈ।

**2. ਭਾਰੀ ਜਨਸੰਖਿਆ ਦਬਾਅ-** ਭਾਰਤ ਦੀ ਜਨਸੰਖਿਆ ਬਹੁਤ ਤੇਜ਼ੀ ਨਾਲ ਵੱਧ ਰਹੀ ਹੈ। ਜਨਸੰਖਿਆ ਦੇ ਭਾਰੀ ਦਬਾਅ ਨੇ ਨਿਰਭਰਤਾ ਦੇ ਬੋਝ ਨੂੰ ਵਧਾਇਆ ਹੈ ਜੋ ਕਿ ਸਮੇਂ ਦੇ ਦੌਰਾਨ ਹੋਰ ਗਰੀਬੀ ਨੂੰ ਦਰਸਾਉਂਦਾ ਹੈ।

**3. ਬੇਰੁਜ਼ਗਾਰੀ-** ਜਨਸੰਖਿਆ ਵਿਚ ਲਗਾਤਾਰ ਵਾਧੇ ਨਾਲ ਬੇਰੁਜ਼ਗਾਰੀ ਅਤੇ ਅਲਪ ਬੇਰੁਜ਼ਗਾਰੀ ਵਿੱਚ ਵਾਧਾ ਹੋਇਆ ਹੈ। ਸ਼ਹਿਰੀ ਖੇਤਰ ਵਿੱਚ ਪੜ੍ਹੀ-ਲਿਖੀ ਬੇਰੁਜ਼ਗਾਰੀ ਅਤੇ ਪਿੰਡਾਂ ਵਿੱਚ ਖੇਤੀਬਾੜੀ ਵਿੱਚ ਛੁਪੀ ਬੇਰੁਜ਼ਗਾਰੀ ਪਾਈ ਜਾਂਦੀ ਹੈ। ਗ਼ਰੀਬੀ ਨੂੰ ਬੇਰੁਜ਼ਗਾਰੀ ਦੀ ਪਰਛਾਈਂ ਮੰਨਿਆ ਜਾਂਦਾ ਹੈ।

**14. ਬਫ਼ਰ ਭੰਡਾਰ ਤੋਂ ਕੀ ਭਾਵ ਹੈ?**

**ਉੱਤਰ** : ਭਾਰਤੀ ਖਾਦ ਨਿਗਮ (Food Corporation Of India, FCI) ਰਾਹੀਂ ਪ੍ਰਾਪਤ ਗਏ ਚਾਵਲ ਅਤੇ ਕਣਕ ਦੇ ਭੰਡਾਰ ਨੂੰ ਬਫ਼ਰ ਭੰਡਾਰ ਕਹਿੰਦੇ ਹਨ। ਸਰਕਾਰ ਵੱਲੋਂ ਬਫ਼ਰ ਭੰਡਾਰ ਇਸ ਲਈ ਸਥਾਪਿਤ ਕੀਤਾ ਜਾਂਦਾ ਹੈ ਤਾਂ ਕਿ ਅਨਾਜ ਦੀ ਘਾਟ ਵਾਲੇ ਖੇਤਰ ਵਿੱਚ ਤੇ ਸਮਾਜ ਦੇ ਗ਼ਰੀਬ ਵਰਗ ਦੇ ਲੋਕਾਂ ਨੂੰ ਬਾਜ਼ਾਰ ਮੁੱਲ ਤੋਂ ਘੱਟ ਮੁੱਲ ਤੇ ਅਨਾਜ ਵੰਡਿਆ ਜਾ ਸਕੇ। ਬਫ਼ਰ ਭੰਡਾਰ ਅਣਸੁਖਾਵੇਂ ਹਾਲਾਤਾਂ ਵਿੱਚ ਜਾਂ ਆਫ਼ਤ ਦੀ ਘੜੀ ਵਿੱਚ ਅੰਨ ਦੀ ਘਾਟ ਦੀ ਸਮੱਸਿਆ ਨੂੰ ਹੱਲ ਕਰਨ ਵਿੱਚ ਮਦਦ ਕਰਦਾ ਹੈ।

15. **ਮੌਸਮੀ ਅਤੇ ਮਿਆਦੀ ਭੁੱਖ ਕੀ ਭਾਵ ਹੈ?**

**ਉੱਤਰ**: ਮੌਸਮੀ ਭੁੱਖ ਅਨਾਜ ਵਾਲੀਆਂ **ਭੁੱਖ** ਫ਼ਸਲਾਂ ਦੇ ਬੀਜਣ ਅਤੇ ਕਟਾਈ ਦੇ ਚੱਕਰ ਨਾਲ ਸੰਬੰਧਿਤ ਹੁੰਦੀ ਹੈ। ਪੇਂਡੂ ਖੇਤਰ ਵਿੱਚ ਇਹ ਖੇਤੀਬਾੜੀ ਦੀਆਂ ਮੌਸਮੀ ਕਿਰਿਆਵਾਂ ਕਰਕੇ ਹੁੰਦੀ ਹੈ ਅਤੇ ਸ਼ਹਿਰੀ ਖੇਤਰ ਵਿੱਚ ਇਹ ਦਿਹਾੜੀਦਾਰ ਕਿਰਤ ਕਰਕੇ ਹੁੰਦੀ ਹੈ। ਦੂਜੇ ਪਾਸੇ ਮਿਆਦੀ ਭੁੱਖ ਤੋਂ ਭਾਵ ਹੈ ਜਦੋਂ ਕਿਸੇ ਵਿਅਕਤੀ ਨੂੰ ਲੋੜੀਂਦੀ ਮਾਤਰਾ ਤੇ ਗੁਣਵੱਤਾ ਵਿੱਚ ਖੁਰਾਕ ਨਿਰੰਤਰ ਨਹੀਂ ਮਿਲਦੀ। ਗ਼ਰੀਬ ਵਿਅਕਤੀਆਂ ਦੀ ਆਮਦਨ ਬਹੁਤ ਘੱਟ ਹੁੰਦੀ ਹੈ, ਜਿਸ ਕਰਕੇ ਉਹ ਆਪਣਾ ਪੇਟ ਭਰਨ ਲਈ ਵੀ ਭੋਜਨ ਨਹੀਂ ਖ਼ਰੀਦ ਸਕਦੇ ਅਤੇ ਮਿਆਦੀ ਭੁੱਖ ਦਾ ਸ਼ਿਕਾਰ ਹੋ ਜਾਂਦੇ ਹਨ।

**16. ਸਸਤੇ ਮੁੱਲ ਦੀਆਂ ਦੁਕਾਨਾਂ ਦੀਆਂ ਸਮੱਸਿਆਵਾਂ ਦੀ ਵਿਆਖਿਆ ਕਰੋ।**

**ਉੱਤਰ** :1. ਸਸਤੇ ਮੁੱਲ ਦੀਆਂ ਦੁਕਾਨਾਂ ਦੇ ਵਿਤਰਕ ਜ਼ਿਆਦਾ ਮੁਨਾਫ਼ੇ ਦੀ ਖ਼ਾਤਰ ਅਨਾਜ ਨੂੰ ਬਾਜ਼ਾਰ ਵਿੱਚ ਵੇਚ ਦਿੰਦੇ ਹਨ।

2. ਰਾਸ਼ਨ ਡਿਪੂਆਂ ਦੀਆਂ ਦੁਕਾਨਾਂ 'ਤੇ ਘਟੀਆ ਕਿਸਮ ਦਾ ਅਨਾਜ ਵੇਚਿਆ ਜਾਂਦਾ ਹਨ।

3. ਰਾਸ਼ਨ ਡਿਪੂਆਂ ਨੂੰ ਬਹੁਤ ਘੱਟ ਖੋਲ੍ਹਿਆ ਜਾਂਦਾ ਹੈ।

4. ਰਾਸ਼ਨ ਡਿਪੂਆਂ ਤੇ ਘਟੀਆ ਕਿਸਮ ਦਾ ਅਨਾਜ ਅਣਵਿਕਿਆ ਰਹਿ ਜਾਂਦਾ ਹੈ ਜਿਸ ਕਾਰਨ ਭਾਰਤੀ ਖਾਧ ਨਿਗਮ ਕੋਲ ਬਫ਼ਰ ਸਟਾਕ ਦੇ ਰੂਪ ਵਿਚ ਅੰਨ ਦਾ ਭੰਡਾਰ ਲੱਗ ਜਾਂਦਾ ਹੈ।

17.**ਅੰਨ ਦੀ ਪੂਰਤੀ ਲਈ ਸਹਿਕਾਰੀ ਸੰਸਥਾਵਾਂ ਦੀ ਭੂਮਿਕਾ ਦੀ ਵਿਆਖਿਆ ਕਰੋ।**

**ਉੱਤਰ** : ਭਾਰਤ ਵਿੱਚ ਅੰਨ ਸੁਰੱਖਿਆ ਲਈ ਸਹਿਕਾਰੀ ਸੰਸਥਾਵਾਂ ਆਪਣੇ ਵੱਲੋਂ ਸਥਾਪਿਤ ਦੁਕਾਨਾਂ ਰਾਹੀਂ ਗ਼ਰੀਬ ਵਿਅਕਤੀਆਂ ਨੂੰ ਘੱਟ ਕੀਮਤ 'ਤੇ ਵਸਤਾਂ ਵੇਚਦੀਆਂ ਹਨ। ਉਦਾਹਰਨ ਵਜੋਂ ਤਾਮਿਲਨਾਡੂ ਵਿਚ ਸਸਤੇ ਰਾਸ਼ਨ ਦੀਆਂ 94% ਦੁਕਾਨਾਂ ਸਹਿਕਾਰੀ ਸੰਸਥਾਵਾਂ ਵੱਲੋਂ ਚਲਾਈਆਂ ਜਾ ਰਹੀਆਂ ਹਨ। ਦਿੱਲੀ ਵਿਚ **'ਮਦਰ ਡੇਅਰੀ'** ਨਾਂ ਦੀ ਸੰਸਥਾ ਦਿੱਲੀ ਸਰਕਾਰ ਵੱਲੋਂ ਨਿਸ਼ਚਿਤ ਕੀਮਤ 'ਤੇ ਖਪਤਕਾਰਾਂ ਨੂੰ ਸਾਮਾਨ ਵੇਚ ਰਹੀ ਹੈ। ਗੁਜਰਾਤ ਵਿੱਚ ਅਮੂਲ ਵੱਲੋਂ ਦੁੱਧ ਅਤੇ ਦੁੱਧ ਦੇ ਪਦਾਰਥ ਵੇਚਣਾ ਸਹਿਕਾਰੀ ਸੰਸਥਾ ਦਾ ਇੱਕ ਮਹੱਤਵਪੂਰਨ ਉਦਾਹਰਨ ਹੈ।' ਵਿਕਾਸ ਵਿਗਿਆਨ ਅਕੈਡਮੀ' ਗੈਰ- ਸਰਕਾਰੀ ਸੰਸਥਾਵਾਂ ਦੀ ਅੰਨ ਸੁਰੱਖਿਆ ਸੰਬੰਧੀ ਸਮਰੱਥਾ ਵਧਾਉਣ ਅਤੇ ਸਿਖਲਾਈ ਆਦਿ ਦਾ ਪ੍ਰਬੰਧ ਕਰਦੀ ਹੈ।

## ਭਾਗ- ੲ (ਇਤਿਹਾਸ)

**ਸਹੀ ਵਿਕਲਪ ਦੀ ਚੋਣ ਕਰੋ-**

**1. ਰਿਗਵੇਦ ਦੇ ਅਨੁਸਾਰ ਪੰਜਾਬ ਦਾ ਨਾਂ ਕੀ ਸੀ?**

ੳ) ਹੜੱਪਾ **ਅ) ਸਪਤ ਸਿੰਧੂ** ੲ)ਪੰਚਨਦ ਸ)ਪੈਂਟਾਪੋਟਾਮੀਆ

**2. ਚੀਨੀ ਯਾਤਰੀ ਕੌਣ ਸੀ?**

ੳ)ਚਾਣਕਯ ਅ)ਲਾਰਡ ਕਰਜ਼ਨ **ੲ)ਹਿਊਨਸਾਂਗ** ਸ)ਕੋਈ ਵੀ ਨਹੀਂ

**3.ਪੰਜਾਬ ਨੂੰ ਅੰਗਰੇਜ਼ੀ ਸਾਮਰਾਜ ਵਿਚ ਕਦੋਂ ਮਿਲਾਇਆ ਗਿਆ?**

**ੳ)1849ਈ.** ਅ)1887ਈ. ੲ)1889 ਈ. ਸ)1901ਈ.

**4. ਕਿਹੜਾ ਦੁਆਬ ਘੱਟ ਉਪਜਾਊ ਹੈ-**

ੳ) ਚੱਜ ਦੁਆਬ **ਅ)ਸਿੰਧ ਸਾਗਰ ਦੁਆਬ** ੲ)ਰਚਨਾ ਦੁਆਬ ਸ) ਬਾਰੀ ਦੁਆਬ

**5. ਘੱਗਰ ਅਤੇ ਜਮੁਨਾ ਦਰਿਆਵਾਂ ਦੇ ਵਿਚਕਾਰ ਦਾ ਖੇਤਰ-**

ੳ)ਮਾਲਵਾ **ਅ)ਬਾਂਗਰ** ੲ)ਮਾਝਾ ਸ)ਕੋਈ ਵੀ ਨਹੀਂ

**6. ਮਾਲਵਾ ਖੇਤਰ ਕਿੰਨ੍ਹਾ ਨਦੀਆਂ ਦੇ ਵਿਚਕਾਰ ਹੈ?**

ੳ)ਸਤਲੁਜ ਅਤੇ ਜਮੁਨਾ **ਅ)ਸਤਲੁਜ ਅਤੇ ਘੱਗਰ** ੲ)ਘੱਗਰ ਅਤੇ ਜਮੁਨਾ ਸ) ਸਤਲੁਜ ਅਤੇ ਬਿਆਸ

**7. ਲੇਖਕ ਮੁਸਲਿਮ ਸਮਾਜ ਦੇ ਕਿਹੜੇ ਵਰਗ ਵਿੱਚ ਆਉਂਦੇ ਸਨ?**

ੳ) ਉੱਚ ਵਰਗ **ਅ) ਮੱਧ ਵਰਗ** ੲ) ਨਿਮਨ ਵਰਗ ਸ) ਕੋਈ ਵੀ ਨਹੀਂ

**8. ਦੇਵੀ ਦੁਰਗਾ ਦੀ ਪੂਜਾ ਕਰਨ ਵਾਲਿਆਂ ਨੂੰ ਕੀ ਕਿਹਾ ਜਾਂਦਾ ਸੀ?**

ੳ)ਵੈਸ਼ਨਵ ਅ) ਸ਼ੈਵ **ੲ) ਸ਼ਾਕਤ** ਸ) ਸੁੰਨੀ

**9. ਜਜ਼ੀਆ ਕੀ ਹੈ?**

ੳ)ਧਰਮ **ਅ) ਧਾਰਮਿਕ ਕਰ** ੲ) ਪ੍ਰਥਾ ਸ) ਗਹਿਣਾ

**10. ਉਲਮਾ ਕੌਣ ਸਨ?**

ੳ)ਮਜ਼ਦੂਰ ਅ) **ਧਾਰਮਿਕ ਨੇਤਾ** ੲ)ਮੁਸਲਿਮ ਸ) ਉਪਰੋਕਤ ਕੋਈ ਵੀ ਨਹੀਂ

**11. ਸੱਚਾ ਸੌਦਾ ਦੀ ਘਟਨਾ ਕਿੱਥੇ ਘਟੀ?**

**ੳ)ਚੂਹੜਕਾਨੇ** ਅ)ਰਾਇ ਭੋਇ ੲ)ਹਰਿਦੁਆਰ ਸ) ਸੱਯਦਪੁਰ

**12. ਕਿਹੜੇ ਗੁਰੂ ਜੀ ਨੇ ਗੋਇੰਦਵਾਲ ਵਿੱਚ ਬਾਉਲੀ ਦਾ ਨਿਰਮਾਣ ਸ਼ੁਰੂ ਕਰਵਾਇਆ?**

**ੳ) ਸ੍ਰੀ ਗੁਰੂ ਅੰਗਦ ਦੇਵ ਜੀ** ਅ) ਸ੍ਰੀ ਗੁਰੂ ਅਮਰਦਾਸ ਜੀ ੲ) ਸ੍ਰੀ ਗੁਰੂ ਰਾਮਦਾਸ ਜੀ ਸ) ਸ੍ਰੀ ਗੁਰੂ ਨਾਨਕ ਦੇਵ ਜੀ

**13. ਮੰਜੀਦਾਰਾਂ ਦੀ ਕੁੱਲ ਸੰਖਿਆ ਕਿੰਨ੍ਹੀ ਸੀ?**

ੳ) 20 ਅ) 21 **ੲ) 22** ਸ) 23

**14. ਮੁਗ਼ਲ ਬਾਦਸ਼ਾਹ ਅਕਬਰ ਕਿਹੜੇ ਗੁਰੂ ਜੀ ਨੂੰ ਮਿਲਣ ਗੋਇੰਦਵਾਲ ਵਿਖੇ ਆਏ?**

ੳ) ਸ੍ਰੀ ਗੁਰੂ ਨਾਨਕ ਦੇਵ ਜੀ ਅ) ਸ੍ਰੀ ਗੁਰੂ ਅੰਗਦ ਦੇਵ ਜੀ

**ੲ) ਸ੍ਰੀ ਗੁਰੂ ਅਮਰਦਾਸ ਜੀ** ਸ) ਸ੍ਰੀ ਗੁਰੂ ਰਾਮਦਾਸ ਜੀ

15. **ਭਾਈ ਲਹਿਣਾ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਨ ਲਈ ਕਿੱਥੇ ਗਏ?**

ੳ) ਸ੍ਰੀ ਅੰਮ੍ਰਿਤਸਰ ਸਾਹਿਬ **ਅ) ਕਰਤਾਰਪੁਰ** ੲ) ਗੋਇੰਦਵਾਲ ਸ) ਲਾਹੌਰ

**16. ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਕਿਹੜੇ ਪੁੱਤਰ ਨੂੰ ਗੁਰਗੱਦੀ ਦਿੱਤੀ?**

ੳ) ਪਿਰਥੀ ਚੰਦ ਅ) ਮਹਾਂ ਦੇਵ **ੲ) ਅਰਜਨ ਦੇਵ ਜੀ** ਸ) ਕਿਸੇ ਨੂੰ ਨਹੀਂ

**17.ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮਾਤਾ ਜੀ ਦਾ ਨਾਂ -**

**ੳ) ਬੀਬੀ ਭਾਨੀ** ਅ) ਸਭਰਾਈ ਦੇਵੀ ੲ) ਬੀਬੀ ਅਮਰੋ ਸ) ਬੀਬੀ ਅਨੋਖੀ

**18. ਸ੍ਰੀ ਗੁਰੂ ਰਾਮਦਾਸ ਜੀ ਦੇ ਵੱਡੇ ਪੁੱਤਰ ਦਾ ਨਾਂ-**

ੳ) ਮਹਾਂਦੇਵ ਅ) ਸ੍ਰੀ ਅਰਜਨ ਦੇਵ **ੲ) ਪ੍ਰਿਥੀ ਚੰਦ** ਸ) ਸ੍ਰੀ ਹਰਗੋਬਿੰਦ

**19. ਸ੍ਰੀ ਗੁਰੂ ਹਰਗੋਬਿੰਦ ਜੀ ਨੂੰ ਜਹਾਂਗੀਰ ਨੇ ਕਿਹੜੇ ਕਿਲ੍ਹੇ ਵਿਚ ਕੈਦ ਕੀਤਾ ਸੀ?**

**ੳ) ਗਵਾਲੀਅਰ** ਅ) ਲਾਹੌਰ ੲ) ਦਿੱਲੀ ਸ) ਜੈਪੁਰ

**20. ਖੁਸਰੋ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਕਿੱਥੋਂ ਮਿਲਿਆ?**

**ੳ) ਗੋਇੰਦਵਾਲ** ਅ) ਸ੍ਰੀ ਹਰਿਗੋਬਿੰਦਪੁਰ ੲ) ਕਰਤਾਰਪੁਰ ਸ) ਸੰਤੋਖਸਰ

**21. ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਜਹਾਂਗੀਰ ਦੁਆਰਾ ਕਦੋਂ ਸ਼ਹੀਦ ਕੀਤਾ ਗਿਆ?**

ੳ) 24 ਮਈ, 1606 ਈ **ਅ) 30 ਮਈ, 1606ਈ.** ੲ) 30 ਮਈ, 1581ਈ. ਸ) 24 ਮਈ, 1675 ਈ.

**22. ਪੁਰਾਣੇ ਰਾਜ ਦੌਰਾਨ ਆਰਥਿਕ ਗਤੀਵਿਧੀਆਂ ਦਾ ਭਾਰ ਕਿਸ ਦੁਆਰਾ ਚੁੱਕਿਆ ਜਾਂਦਾ ਸੀ?**

ੳ) ਚਰਚ ਅ) ਕੇਵਲ ਅਮੀਰ **ੲ) ਤੀਜਾ ਵਰਗ** ਸ) ਕੇਵਲ ਰਾਜਾ

**23. ਅਸਟ੍ਰੀਅਨ ਰਾਜਕੁਮਾਰੀ ਮੈਰੀ ਐਂਟੋਨਿਟੀ ਫਰਾਂਸ ਦੇ ਕਿਸ ਰਾਜੇ ਦੀ ਰਾਣੀ ਸੀ?**

ੳ) ਲੂਈਸ ਤੀਜਾ ਅ)ਲੂਈਸ 14ਵਾਂ ੲ)ਲੂਈਸ 15ਵਾਂ **ਸ)ਲੂਈਸ 16ਵਾਂ**

**24. ਨੈਪੋਲੀਅਨ ਨੇ ਆਪਣੇ ਆਪ ਨੂੰ ਫਰਾਂਸ ਦਾ ਰਾਜਾ ਕਦੋਂ ਬਣਾਇਆ?**

ੳ)1805 ਈ. **ਅ)1804 ਈ.** ੲ)1803 ਈ. ਸ)1806 ਈ.

**25. ਫਰਾਂਸ ਵਿੱਚ ਟੈਨਿਸ ਕੋਰਟ ਸਹੁੰ ਕਦੋਂ ਚੁੱਕੀ ਗਈ?**

ੳ) 4 ਜੁਲਾਈ,1789 ਈ: **ਅ) 20 ਜੂਨ,1789 ਈ:** ੲ) 4 ਅਗਸਤ,1789 ਈ: ਸ) 5 ਮਈ, 1789 ਈ:

**26. ਫਰਾਂਸ ਦੇ ਵਿਸ਼ੇ ਵਿੱਚ ਸਭਾ (ਕਨਵੈਨਸਨ) ਕੀ ਸੀ?**

ੳ) ਇੱਕ ਫ਼ਰਾਂਸੀਸੀ ਸਕੂਲ **ਅ) ਨਵੀਂ ਚੁਣੀ ਪ੍ਰੀਸ਼ਦ** ੲ) ਕਲੱਬ ਸ) ਇਕ ਔਰਤ ਸਭਾ

**27. ਮਾਨਟੈਸਕਿਉ ਨੇ ਕਿਹੜੇ ਵਿਚਾਰ ਦਾ ਪ੍ਰਚਾਰ ਕੀਤਾ?**

ੳ) ਦੈਵੀ ਅਧਿਕਾਰ ਅ) ਸਮਾਜਿਕ ਸਮਝੌਤਾ **ੲ) ਸ਼ਕਤੀਆਂ ਦੀ ਵੰਡ** ਸ) ਸ਼ਕਤੀ ਦਾ ਸੰਤੁਲਨ

**28. ਫ਼ਰਾਂਸੀਸੀ ਇਤਿਹਾਸ ਵਿੱਚ ਕਿਸ ਸਮੇਂ ਨੂੰ ਆਤੰਕ ਦੇ ਦੌਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ?**

ੳ)1792ਈ.- 93ਈ. ਅ)1774ਈ.-76ਈ. **ੲ)1793ਈ.-94ਈ.** ਸ)1804ਈ.-15ਈ.

**29. ਰੂਸ ਦੀ ਕ੍ਰਾਂਤੀ ਦੌਰਾਨ ਬੋਲਸ਼ਵਿਕਾਂ ਦੀ ਅਗਵਾਈ ਕਿਸ ਨੇ ਕੀਤੀ?**

ੳ) ਕਾਰਲ ਮਾਰਕਸ ਅ) ਫਰੈਡਰਿਕ ਏਂਜਲਸ **ੲ) ਲੈਨਿਨ** ਸ) ਟਰੌਸਟਕੀ

**30. ਰੂਸ ਦੀ ਕ੍ਰਾਂਤੀ ਦੁਆਰਾ ਸਮਾਜ ਦੇ ਪੁਨਰ-ਗਠਨ ਲਈ ਕਿਹੜਾ ਵਿਚਾਰ ਸਭ ਤੋਂ ਮਹੱਤਵਪੂਰਨ ਹੈ?**

**ੳ) ਸਮਾਜਵਾਦ** ਅ) ਰਾਸ਼ਟਰਵਾਦ ੲ) ਉਦਾਰਵਾਦ ਸ) ਇਨ੍ਹਾਂ ਵਿੱਚੋਂ ਕੋਈ ਨਹੀਂ

**31. ਮੈਨਸ਼ਵਿਕ ਸਮੂਹ ਦਾ ਨੇਤਾ ਕੌਣ ਸੀ?**

**ੳ) ਟਰੌਸਟਕੀ** ਅ) ਕਾਰਲ ਮਾਰਕਸ ੲ) ਜਾਰ ਨਿਕੋਲਸ ਸ) ਇਨ੍ਹਾਂ ਵਿੱਚੋਂ ਕੋਈ ਨਹੀਂ

**32. ਕਿਹੜੇ ਦੇਸ਼ ਨੇ ਆਪਣੇ ਆਪ ਨੂੰ ਪਹਿਲੇ ਵਿਸ਼ਵ ਯੁੱਧ ਵਿੱਚੋਂ ਬਾਹਰ ਕੱਢ ਲਿਆ ਅਤੇ ਜਰਮਨੀ ਨਾਲ ਸੰਧੀ ਕਰ ਲਈ?**

ੳ) ਅਮਰੀਕਾ **ਅ) ਰੂਸ** ੲ) ਫਰਾਂਸ ਸ) ਇੰਗਲੈਂਡ

**33. ਉਦਯੋਗਿਕ ਕ੍ਰਾਂਤੀ ਕਿਸ ਮਹਾਂਦੀਪ ਤੋਂ ਸ਼ੁਰੂ ਹੋਈ?**

ੳ) ਏਸ਼ੀਆ **ਅ) ਯੂਰਪ** ੲ) ਆਸਟ੍ਰੇਲੀਆ ਸ) ਉੱਤਰੀ ਅਮਰੀਕਾ

**34. ਇੰਪੀਰੀਅਲ ਵਣ ਖੋਜ਼ ਸੰਸਥਾ ਕਿੱਥੇ ਹੈ?**

ਉੱਤਰ- ੳ) ਦਿੱਲੀ ਅ) ਮੁੰਬਈ **ੲ) ਦੇਹਰਾਦੂਨ** ਸ) ਅਬੋਹਰ

**35. ਭਾਰਤ ਦੀ ਆਧੁਨਿਕ ਬਾਗਬਾਨੀ ਦਾ ਮੋਢੀ ਕੌਣ ਮੰਨਿਆ ਜਾਂਦਾ ਹੈ?**

ੳ) ਲਾਰਡ ਡਲਹੌਜ਼ੀ **ਅ) ਡਾਇਟ੍ਰਿਚ ਬ੍ਰੈਂਡਿਸ**

ੲ) ਕੈਪਟਨ ਵਾਟਸਨ ਸ) ਲਾਰਡ ਹਾਰਡਿੰਗ

**36. ਭਾਰਤ ਵਿੱਚ ਸਮੁੰਦਰੀ ਜਹਾਜ਼ਾਂ ਲਈ ਕਿਹੜੇ ਰੁੱਖ ਦੀ ਲੱਕੜ ਸਭ ਤੋਂ ਵਧੀਆ ਮੰਨੀ ਜਾਂਦੀ ਹੈ?**

ੳ) ਬਬੂਲ ਅ) ਓਕ ੲ) ਨਿੰਮ **ਸ) ਸਾਗਵਾਨ**

**37. ਮੁੰਡਾ ਅੰਦੋਲਨ ਕਿਹੜੇ ਇਲਾਕੇ ਵਿੱਚ ਹੋਇਆ?**

ੳ) ਰਾਜਸਥਾਨ **ਅ) ਛੋਟਾ ਨਾਗਪੁਰ** ੲ) ਮਦਰਾਸ ਸ) ਪੰਜਾਬ

**38. ਸੂਤੀ ਕੱਪੜਾ ਕਿਸ ਤੋਂ ਬਣਦਾ ਹੈ?**

**ੳ) ਕਪਾਹ** ਅ) ਜਾਨਵਰਾਂ ਦੀ ਖੱਲ ੲ) ਰੇਸ਼ਮ ਦੇ ਕੀੜੇ ਸ) ਉੱਨ

**39. ਬਣਾਉਟੀ ਰੇਸ਼ੇ ਦਾ ਵਿਚਾਰ ਸਭ ਤੋਂ ਪਹਿਲਾਂ ਕਿਹੜੇ ਵਿਗਿਆਨੀ ਨੂੰ ਆਇਆ?**

ੳ) ਮੈਰੀ ਕਿਊਰੀ **ਅ) ਰਾਬਰਟ ਹੁੱਕ** ੲ) ਲੂਈਸ ਸੁਬਾਬ ਸ) ਲਾਰਡ ਕਰਜ਼ਨ

**3. ਕਿਹੜੀ ਸਦੀ ਵਿਚ ਯੂਰਪ ਦੇ ਲੋਕ ਆਪਣੇ ਸਮਾਜਿਕ ਰੁਤਬੇ, ਵਰਗ ਜਾਂ ਲਿੰਗ ਦੇ ਅਨੁਸਾਰ ਕੱਪੜੇ ਪਹਿਨਦੇ ਸਨ?**

ੳ) ਪੰਦਰਵੀਂ ਅ) ਸੋਲ੍ਹਵੀਂ ੲ).ਸਤਾਰ੍ਹਵੀਂ **ਸ) ਅਠਾਰ੍ਹਵੀਂ**

**4. ਕਿਹੜੇ ਵਪਾਰੀਆਂ ਨੇ ਭਾਰਤ ਦੀ ਛੀਟ ਦਾ ਆਯਾਤ ਸ਼ੁਰੂ ਕੀਤਾ?**

ੳ). ਚੀਨ **ਅ) ਯੂਰਪੀਨ** ੲ)ਅਮਰੀਕਨ ਸ)ਇਨ੍ਹਾਂ ਵਿੱਚੋਂ ਕੋਈ ਨਹੀਂ

**ਖਾਲੀ ਥਾਂਵਾਂ ਭਰੋ-**

1.**ਹੜੱਪਾ** ਸੱਭਿਅਤਾ ਦਾ ਜਨਮ ਪੰਜਾਬ ਵਿੱਚ ਹੋਇਆ ਸੀ।

2.'ਪੈਂਟਾ' ਦਾ ਅਰਥ ਹੈ **ਪੰਜ** ਅਤੇ 'ਪੋਟਾਮੀਆ' ਦਾ ਅਰਥ **ਨਦੀਆਂ** ਹੈ।

3.**ਚੱਜ ਦੁਆਬ** ਦਾ ਖੇਤਰ ਚਿਨਾਬ ਅਤੇ ਜੇਹਲਮ ਨਦੀ ਦੇ ਵਿਚਕਾਰ ਦਾ ਇਲਾਕਾ ਹੈ।

4.ਸਿੱਖ ਧਰਮ ਦੇ ਸੰਸਥਾਪਕ **ਸ੍ਰੀ ਗੁਰੂ ਨਾਨਕ ਦੇਵ** ਜੀ ਸਨ।

5.ਭਾਸ਼ਾ ਦੇ ਆਧਾਰ 'ਤੇ **1 ਨਵੰਬਰ, 1966** ਨੂੰ ਪੰਜਾਬ ਦਾ ਪੁਨਰਗਠਨ ਕੀਤਾ ਗਿਆ।

6.ਮਾਊਂਟ ਐਵਰੈਸਟ ਦੀ ਉਚਾਈ **8848** ਮੀਟਰ ਹੈ।

7.ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਵਿੱਚ **ਨਾਮ ਜਪੋ, ਕਿਰਤ ਕਰੋ ਅਤੇ ਵੰਡ ਛੱਕੋ** ਦਾ ਸੰਦੇਸ਼ ਦਿੱਤਾ।

8. ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਲਿਪੀ ਵਿਚ **ਬਾਲ ਬੋਧ** ਲਿਖਿਆ ।

9. **ਸ੍ਰੀ ਗੁਰੂ ਅਮਰਦਾਸ ਜੀ** ਨੇ ਗੋਇੰਦਵਾਲ ਵਿੱਚ ਬਾਉਲੀ ਦਾ ਨਿਰਮਾਣ ਪੂਰਾ ਕਰਵਾਇਆ।

10. ਸ੍ਰੀ ਗੁਰੂ ਰਾਮਦਾਸ ਜੀ ਨੇ **ਰਾਮਦਾਸਪੁਰ** ਨਗਰ ਦੀ ਸਥਾਪਨਾ ਕੀਤੀ ।

11. 'ਲਾਵਾਂ' ਬਾਣੀ **ਸ੍ਰੀ ਗੁਰੂ ਰਾਮਦਾਸ ਜੀ** ਦੀ ਪ੍ਰਸਿੱਧ ਰਚਨਾ ਹੈ ।

12. ਇੱਕ ਸਿਰ ਕੱਟਣ ਵਾਲਾ ਯੰਤਰ ਸੀ, ਜਿਸ ਦੀ ਵਰਤੋਂ ਫ਼ਰਾਂਸੀਸੀਆਂ ਨੇ ਕੀਤੀ ਸੀ **ਗੁਲੂਟਾਈਨ ।**

13. ਬੈਸਟਾਈਲ ਦਾ ਹਮਲਾ **14 ਜੁਲਾਈ 1789 ਈ.** ਵਿੱਚ ਹੋਇਆ ਸੀ ।

14.1815 ਈ. ਵਿੱਚ ਵਾਟਰਲੂ ਦੀ ਜੰਗ ਵਿੱਚ **ਨੈਪੋਲੀਅਨ ਬੋਨਾਪਾਰਟ** ਹਾਰ ਗਿਆ।

15. 'ਸੋਸ਼ਲ ਕੰਟਰੈਕਟ' ਪੁਸਤਕ ਦਾ ਲੇਖਕ **ਰੂਸੋ** ਹੈ ।

16. **ਲੈਨਿਨ** ਨੇ ਰੂਸੀ ਕ੍ਰਾਂਤੀ ਸਮੇਂ ਰੂਸ ਦੇ ਬੋਲਸ਼ਵਿਕ ਸੰਗਠਨ ਦੀ ਅਗਵਾਈ ਕੀਤੀ।

17. ਰੂਸ ਵਿੱਚ ਚੁਣੀ ਗਈ ਸਲਾਹਕਾਰ ਸੰਸਦ ਨੂੰ **ਡੂੰਮਾ** ਕਿਹਾ ਜਾਂਦਾ ਸੀ।

18.ਕਲੋਨਿਅਲਇਜ਼ਮ ਸ਼ਬਦ ਲਾਤੀਨੀ ਭਾਸ਼ਾ ਦੇ ਸ਼ਬਦ **ਕਾਲੋਨੀਆ** ਤੋਂ ਬਣਿਆ ਹੈ ।

19.ਯੂਰਪ ਵਿੱਚ **ਓਕ** ਦੇ ਦਰੱਖਤ ਦੀ ਲੱਕੜ ਤੋਂ ਸਮੁੰਦਰੀ ਜਹਾਜ਼ ਬਣਾਏ ਜਾਂਦੇ ਸਨ।

20.ਰੇਸ਼ਮ ਦਾ ਕੀੜਾ ਆਮ ਤੌਰ ਤੇ **ਸ਼ਹਿਤੂਤ** ਦੇ ਦਰੱਖਤਾਂ ਉੱਤੇ ਪਾਲਿਆ ਜਾਂਦਾ ਹੈ ।

21.ਉਦਯੋਗਿਕ ਕ੍ਰਾਂਤੀ ਦਾ ਆਰੰਭ **ਯੂਰਪ** ਮਹਾਂਦੀਪ ਵਿੱਚ ਹੋਇਆ ਸੀ ।

22.ਸਵਦੇਸ਼ੀ ਅੰਦੋਲਨ **1905** ਈ. ਵਿੱਚ ਆਰੰਭ ਹੋਇਆ।

**ਵਸਤੂਨਿਸ਼ਠ ਪ੍ਰਸ਼ਨ-**

**1.'ਪੰਜਾਬ' ਸ਼ਬਦ ਤੋਂ ਕੀ ਭਾਵ ਹੈ ?**

ਉੱਤਰ :ਪੰਜਾਬ ਫ਼ਾਰਸੀ ਭਾਸ਼ਾ ਦੇ ਦੋ ਸ਼ਬਦਾਂ ਪੰਜ+ਆਬ ਤੋਂ ਬਣਿਆ ਹੈ। ਜਿਸ ਦਾ ਅਰਥ ਹੈ ਪੰਜ ਦਰਿਆਵਾਂ ਦੀ ਧਰਤੀ ।

**2.ਯੂਨਾਨੀਆਂ ਨੇ ਪੰਜਾਬ ਦਾ ਕੀ ਨਾਂ ਰੱਖਿਆ ਸੀ ?**

ਉੱਤਰ :ਪੈਂਟਾਪੋਟਾਮੀਆ।

**3. 'ਸਪਤ ਸਿੰਧੂ' ਤੋਂ ਕੀ ਭਾਵ ਹੈ ?**

ਉੱਤਰ:ਵੈਦਿਕ ਕਾਲ ਵਿੱਚ ਪੰਜਾਬ ਨੂੰ 'ਸਪਤ ਸਿੰਧੂ' ਕਿਹਾ ਜਾਂਦਾ ਸੀ ਕਿਉਂਕਿ ਉਸ ਸਮੇਂ ਇਹ ਸੱਤ ਨਦੀਆਂ ਦਾ ਪ੍ਰਦੇਸ਼ ਸੀ।

**4.ਪੰਜਾਬ ਦੀ ਉੱਤਰ-ਪੱਛਮੀ ਸੀਮਾ ਵਿੱਚ ਸਥਿੱਤ ਕਿਸੇ ਦੋ ਦੱਰ੍ਹਿਆਂ ਦੇ ਨਾਂ ਦੱਸੋ ।**

ਉੱਤਰ:ਖੈਬਰ, ਕੁਰਮ, ਟੋਚੀ ।

**5.ਪੰਜਾਬ ਨੂੰ ਭਾਸ਼ਾ ਦੇ ਆਧਾਰ ਤੇ ਕਦੋਂ ਅਤੇ ਕਿੰਨ੍ਹੇ ਰਾਜਾਂ ਵਿੱਚ ਵੰਡਿਆ ਗਿਆ ?**

ਉੱਤਰ :ਪੰਜਾਬ ਨੂੰ ਭਾਸ਼ਾ ਦੇ ਆਧਾਰ ਤੇ 1 ਨਵੰਬਰ 1966 ਨੂੰ ਪੰਜਾਬ ਅਤੇ ਹਰਿਆਣਾ ਦੋ ਰਾਜਾਂ ਵਿੱਚ ਵੰਡ ਦਿੱਤਾ ਗਿਆ।

**6.ਲੋਧੀ ਵੰਸ਼ ਦਾ ਆਖ਼ਰੀ ਸ਼ਾਸਕ ਕੌਣ ਸੀ ?**

ਉੱਤਰ: ਇਬਰਾਹਿਮ ਲੋਧੀ ।

**7.ਜਜ਼ੀਆ ਤੋਂ ਕੀ ਭਾਵ ਹੈ ?**

ਉਤਰ:ਜਜ਼ੀਆ ਇੱਕ ਕਿਸਮ ਦਾ ਕਰ ਸੀ ਜੋ ਮੁਗ਼ਲ ਸ਼ਾਸਕ ਗ਼ੈਰ -ਮੁਸਲਿਮ ਲੋਕਾਂ ਤੋਂ ਇਕੱਠਾ ਕਰਦੇ ਸਨ ।

**8.ਪਾਣੀਪਤ ਦੀ ਪਹਿਲੀ ਲੜਾਈ ਕਦੋਂ ਅਤੇ ਕਿੰਨ੍ਹਾਂ ਵਿਚਕਾਰ ਹੋਈ ?**

ਉੱਤਰ :ਪਾਣੀਪਤ ਦੀ ਪਹਿਲੀ ਲੜਾਈ 1526 ਈ. ਵਿੱਚ ਬਾਬਰ ਅਤੇ ਇਬਰਾਹਿਮ ਲੋਧੀ ਵਿਚਕਾਰ ਹੋਈ ।

**9.ਮੁਸਲਿਮ ਧਰਮ ਦੇ ਦੋ ਮੁੱਖ ਸੰਪਰਦਾਇ ਕਿਹੜੇ ਸਨ ?**

ਉੱਤਰ :ਸੁੰਨੀ ਅਤੇ ਸ਼ੀਆ ।

**10.ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਕਦੋਂ ਤੇ ਕਿੱਥੇ ਹੋਇਆ ?**

ਉੱਤਰ :ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ 1469 ਈ. ਵਿੱਚ ਰਾਇ- ਭੋਇ ਦੀ ਤਲਵੰਡੀ ਨਾਂ ਦੇ ਪਿੰਡ ਵਿਖੇ ਹੋਇਆ। ਹੁਣ ਇਸ ਸਥਾਨ ਨੂੰ 'ਸ੍ਰੀ ਨਨਕਾਣਾ ਸਾਹਿਬ 'ਦੇ ਨਾਂ ਨਾਲ ਜਾਣਿਆ ਜਾਂਦਾ ਹੈ।

**11.ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਕਿਸੇ ਦੋ ਪ੍ਰਮੁੱਖ ਬਾਣੀਆਂ ਦੇ ਨਾਂ ਦੱਸੋ।**

ਉੱਤਰ : ਜਪੁਜੀ ਸਾਹਿਬ, ਵਾਰ ਮਾਝ, ਵਾਰ ਮਲਾਰ ।

**12. ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪਹਿਲਾਂ ਨਾਂ ਕੀ ਸੀ?**

ਉਤਰ: ਭਾਈ ਲਹਿਣਾ ਜੀ।

**13. 'ਗੁਰਮੁਖੀ' ਲਿਪੀ ਤੋਂ ਕੀ ਭਾਵ ਹੈ ?**

ਉਤਰ: '**ਗੁਰਮੁਖੀ**' ਲਿਪੀ ਦਾ ਅਰਥ ਹੈ ਗੁਰੂਆਂ ਦੇ ਮੁੱਖ ਤੋਂ ਨਿਕਲਣ ਵਾਲੀ। ਸਿੱਖਾਂ ਦੇ ਸਾਰੇ ਧਾਰਮਿਕ ਗ੍ਰੰਥ ਇਸੇ ਭਾਸ਼ਾ ਵਿੱਚ ਹਨ।

**14. ਮੰਜੀਦਾਰ ਕਿਸਨੂੰ ਕਿਹਾ ਜਾਂਦਾ ਸੀ?**

ਉੱਤਰ : ਮੰਜੀਆਂ ਦੇ ਪ੍ਰਮੁੱਖ ਨੂੰ ਮੰਜੀਦਾਰ ਕਿਹਾ ਜਾਂਦਾ ਸੀ ਜੋ ਮੰਜੀ 'ਤੇ ਬੈਠ ਕੇ ਸਿੱਖ ਧਰਮ ਦਾ ਪ੍ਰਚਾਰ ਕਰਦੇ ਸਨ। ਇਹ ਗੁਰੂ ਸਾਹਿਬ ਤੇ ਸੰਗਤ ਦੇ ਵਿਚਕਾਰ ਕੜੀ ਦਾ ਕੰਮ ਕਰਦੇ ਸਨ।

**15. ਅੰਮ੍ਰਿਤਸਰ ਦਾ ਪੁਰਾਣਾ ਨਾਂ ਕੀ ਸੀ?**

ਉੱਤਰ: ਰਾਮਦਾਸਪੁਰ ।

**16. ਸ੍ਰੀ ਗੁਰੂ ਰਾਮਦਾਸ ਜੀ ਦਾ ਮੁੱਢਲਾ ਨਾਂ ਕੀ ਸੀ?**

ਉੱਤਰ: ਭਾਈ ਜੇਠਾ ਜੀ ।

**17.ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਕਦੋਂ ਅਤੇ ਕਿਸ ਨੇ ਰੱਖੀ?**

ਉੱਤਰ: ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ 1588 ਈ. ਵਿੱਚ ਪ੍ਰਸਿੱਧ ਸੂਫ਼ੀ ਫ਼ਕੀਰ ਮੀਆਂ ਮੀਰ ਜੀ ਨੇ ਰੱਖੀ।

**18.ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਦੋਂ ਸੰਪੂਰਨ ਹੋਈ?**

ਉੱਤਰ: 1604 ਈ. ਵਿੱਚ।

**19.ਸ੍ਰੀ ਹਰਿਮੰਦਰ ਸਾਹਿਬ ਦੇ ਪਹਿਲੇ ਗ੍ਰੰਥੀ ਕੌਣ ਸਨ?**

ਉੱਤਰ: ਬਾਬਾ ਬੁੱਢਾ ਜੀ।

**20.'ਦਸਵੰਧ' ਤੋਂ ਕੀ ਭਾਵ ਹੈ ?**

ਉੱਤਰ: ਦਸਵੰਧ ਤੋਂ ਭਾਵ ਹੈ ਕਿ ਹਰੇਕ ਸਿੱਖ ਆਪਣੀ ਆਮਦਨ ਦਾ ਦਸਵਾਂ ਹਿੱਸਾ ਗੁਰੂਘਰ ਦੇ ਨਾਂ 'ਤੇ ਭੇਂਟ ਕਰੇ।

**21. ਫਰਾਂਸ ਦੀ ਕ੍ਰਾਂਤੀ ਕਦੋਂ ਹੋਈ ?**

ਉੱਤਰ: 1789 ਈ. ਵਿੱਚ ।

**22. ਡਾਇਰੈਕਟਰੀ ਕੀ ਸੀ ?**

ਉੱਤਰ: ਪੰਜ ਮੈਂਬਰਾਂ ਦੀ ਕੌਂਸਿਲ ।

**23. ਰਾਜ ਨੂੰ ਦਿੱਤੇ ਜਾਣ ਵਾਲੇ ਕਰ ਨੂੰ ਕੀ ਕਹਿੰਦੇ ਸਨ?**

ਉੱਤਰ: ਟਾਇਲੇ ।

**24.ਕਿਸਾਨਾਂ ਨੂੰ ਕਿੰਨ੍ਹੇ ਤਰ੍ਹਾਂ ਦੇ ਕਰ ਦੇਣੇ ਪੈਂਦੇ ਸਨ ?**

ਉੱਤਰ-ਕਿਸਾਨਾਂ ਨੂੰ ਦੋ ਤਰ੍ਹਾਂ ਦੇ ਕਰ ਦੇਣੇ ਪੈਂਦੇ ਸਨ-ਟਿੱਥੇ ਅਤੇ ਟਾਇਲੇ ।

**25.1917 ਈ. ਦੀ ਰੂਸੀ ਕ੍ਰਾਂਤੀ ਦੇ ਸਮੇਂ ਰੂਸ ਦਾ ਸ਼ਾਸਕ ਕੌਣ ਸੀ ?**

ਉੱਤਰ- ਜ਼ਾਰ ਨਿਕੋਲਸ II

**26. ਰੂਸ ਦੀ ਹਾਰ ਕਿਸ ਦੇਸ਼ ਤੋਂ ਹੋਈ ?**

ਉੱਤਰ- ਜਾਪਾਨ

**27. ਬਸਤੀਵਾਦ ਤੋਂ ਤੁਸੀਂ ਕੀ ਸਮਝਦੇ ਹੋਂ?**

ਉੱਤਰ- ਕਿਸੇ ਸ਼ਕਤੀਸ਼ਾਲੀ ਦੇਸ਼ ਦੁਆਰਾ ਆਪਣੇ ਹਿੱਤਾਂ ਦੀ ਪੂਰਤੀ ਲਈ ਕਿਸੇ ਕਮਜ਼ੋਰ ਅਤੇ ਕੁਦਰਤੀ ਸਾਧਨਾਂ ਨਾਲ ਭਰਪੂਰ ਦੇਸ਼ ਦੇ ਸਾਧਨਾਂ ਦਾ ਬਲ ਪੂਰਵਕ ਪ੍ਰਯੋਗ ਬਸਤੀਵਾਦ ਕਹਾਉਂਦਾ ਹੈ ।

**28. ਜੰਗਲਾਂ ਦੀ ਕਟਾਈ ਦੇ ਦੋ ਕਾਰਨ ਲਿਖੋ ।**

ਉੱਤਰ-1.ਖੇਤੀ ਦੇ ਵਿਸਥਾਰ ਲਈ ਭੂਮੀ ਦੀ ਲੋੜ।  2. ਵਪਾਰਕ ਫ਼ਸਲਾਂ ਦੀ ਖੇਤੀ।

**29. ਭਾਰਤ ਵਿੱਚ ਸਮੁੰਦਰੀ ਜਹਾਜ਼ ਕਿਸ ਦਰੱਖਤ ਦੀ ਲੱਕੜੀ ਤੋਂ ਬਣਾਏ ਜਾਂਦੇ ਸਨ ?**

ਉੱਤਰ- ਸਾਗਵਾਨ ਦੀ ਲੱਕੜ ਤੋਂ।

**30. ਕਿਸ ਪ੍ਰਾਚੀਨ ਰਾਜੇ ਨੇ ਜੀਵ ਹੱਤਿਆ 'ਤੇ ਪਾਬੰਦੀ ਲਗਾਈ ਸੀ?**

ਉੱਤਰ- ਰਾਜੇ ਅਸ਼ੋਕ ਨੇ ।

**31.ਚਾਰ ਵਪਾਰਕ ਫ਼ਸਲਾਂ ਦੇ ਨਾਂ ਦੱਸੋ।**

ਉੱਤਰ- ਚਾਹ, ਕਾਫ਼ੀ, ਪਟਸਨ ਅਤੇ ਰਬੜ।

**32. ਬਿਰਸਾ ਮੁੰਡਾ ਨੇ ਕਿਹੜਾ ਨਾਅਰਾ ਦਿੱਤਾ ?**

ਉਤਰ - ਅਬੂਆ ਦੇਸ਼ ਮੇਂ ਅਬੂਆ ਰਾਜ।

**33.ਕਿਸ ਕਿਸਮ ਦੀਆਂ ਭੇਡਾਂ ਦੀ ਉੱਨ ਸਭ ਤੋਂ ਵਧੀਆ ਹੁੰਦੀ ਹੈ ?**

ਉੱਤਰ-ਮੈਰੀਨੋ ਭੇਡ ਦੀ ।

**34.ਉਦਯੋਗਿਕ ਕ੍ਰਾਂਤੀ ਤੋਂ ਪਹਿਲਾਂ ਇੰਗਲੈਂਡ ਕਿਸ ਦੇਸ਼ ਤੋਂ ਸੂਤੀ ਕੱਪੜੇ ਦਾ ਆਯਾਤ ਕਰਦਾ ਸੀ ?**

ਉੱਤਰ-ਭਾਰਤ।

**35.ਖਾਦੀ ਲਹਿਰ ਚਲਾਉਣ ਵਾਲੇ ਪ੍ਰਮੁੱਖ ਭਾਰਤੀ ਨੇਤਾਵਾਂ ਦੇ ਨਾਂ ਲਿਖੋ ।**

**ਉੱਤਰ-** ਮਹਾਤਮਾ ਗਾਂਧੀ।

**ਤਿੰਨ ਅੰਕ ਵਾਲੇ ਮਹੱਤਵਪੂਰਨ ਪ੍ਰਸ਼ਨ:-**

**1. ਪੰਜਾਬ ਨੂੰ ਭਾਰਤ ਦਾ ਪ੍ਰਵੇਸ਼ ਦੁਆਰ ਕਿਉਂ ਕਿਹਾ ਜਾਂਦਾ ਹੈ ?**

ਉੱਤਰ :ਪੰਜਾਬ ਦੇ ਉੱਤਰ -ਪੱਛਮ ਵਿੱਚ ਸੁਲੇਮਾਨ ਅਤੇ ਕਿਰਥਾਰ ਦੀਆਂ ਪਹਾੜੀਆਂ ਵਿੱਚ ਕਈ ਦਰ੍ਰੇ ਸਥਿੱਤ ਹਨ ਜਿਨ੍ਹਾਂ ਵਿੱਚੋਂ ਵਿਦੇਸ਼ੀ ਹਮਲਾਵਰ ਲੰਘ ਕੇ ਭਾਰਤ ਤੇ ਹਮਲਾ ਕਰਦੇ ਸਨ। 18ਵੀਂ ਸਦੀ ਤੱਕ ਸਾਰੇ ਹਮਲਾਵਰ ਇਨ੍ਹਾਂ ਦੱਰ੍ਹਿਆਂ ਰਾਹੀਂ ਹੀ ਭਾਰਤ ਤੇ ਹਮਲਾ ਕਰਦੇ ਰਹੇ ਹਨ।ਸਭ ਤੋਂ ਪਹਿਲਾਂ ਅੱਗੇ ਵੱਧਣ ਲਈ ਉਨ੍ਹਾਂ ਨੂੰ ਪੰਜਾਬ ਦੇ ਲੋਕਾਂ ਨਾਲ ਸੰਘਰਸ਼ ਕਰਨਾ ਪੈਂਦਾ ਸੀ ਇਸ ਤਰ੍ਹਾਂ ਪੰਜਾਬ ਭਾਰਤ ਲਈ ਪ੍ਰਵੇਸ਼ ਦੁਆਰ ਦੀ ਭੂਮਿਕਾ ਨਿਭਾਉਂਦਾ ਰਿਹਾ ਹੈ।

**2. ਪੰਜਾਬ ਦੀ ਭੂਗੋਲਿਕ ਸਥਿਤੀ ਦਾ ਲੋਕਾਂ ਦੀ ਆਰਥਿਕ ਸਥਿਤੀ 'ਤੇ ਕੀ ਪ੍ਰਭਾਵ ਪਿਆ ?**

ਉੱਤਰ:1.ਇੱਥੇ ਸਾਰਾ ਸਾਲ ਵਗਦੀਆਂ ਹਿਮਾਲਿਆ ਦੀਆਂ ਨਦੀਆਂ ਰਾਹੀਂ ਲਿਆਂਦੀ ਮਿੱਟੀ ਨਾਲ ਬਣੇ ਮੈਦਾਨ ਬਹੁਤ ਉਪਜਾਊ ਹਨ।

2.ਉਪਜਾਊ ਭੂਮੀ ਕਾਰਨ ਇੱਥੇ ਫ਼ਸਲ ਚੰਗੀ ਹੋਣ ਨਾਲ ਲੋਕ ਖੁਸ਼ਹਾਲ ਹੁੰਦੇ ਗਏ ।

3.ਪੰਜਾਬ ਦੀ ਖ਼ੁਸ਼ਹਾਲੀ ਨੇ ਵਿਦੇਸ਼ੀ ਵਪਾਰੀਆਂ ਨੂੰ ਹਮੇਸ਼ਾ ਆਪਣੇ ਵੱਲ ਖਿੱਚਿਆ ਹੈ ਜਿਸ ਕਾਰਨ ਪੰਜਾਬ ਦੇ ਸ਼ੁਰੂ ਤੋਂ ਹੀ ਮੱਧ ਏਸ਼ੀਆ ਨਾਲ ਵਪਾਰਿਕ ਸੰਬੰਧ ਰਹੇ ਹਨ ।

4.ਹਿਮਾਲਿਆ ਤੋਂ ਪ੍ਰਾਪਤ ਲੱਕੜ ਦੇ ਕਾਰਨ ਪੰਜਾਬ ਵਿਚ ਫਰਨੀਚਰ ਤੇ ਖੇਡਾਂ ਦਾ ਸਮਾਨ ਬਣਨ ਲੱਗਾ ।

**3.ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਬਾਰੇ ਤੁਸੀਂ ਕੀ ਜਾਣਦੇ ਹੋ? ਨੋਟ ਲਿਖੋ ।**

ਉੱਤਰ :1) ਪਰਮਾਤਮਾ ਇੱਕ ਹੈ।ਉਹ ਸਰਵ-ਸ਼ਕਤੀਮਾਨ ਹੈ।

2.ਸਾਰੇ ਮਨੁੱਖ ਇੱਕ ਹੀ ਪਰਮਾਤਮਾ ਦੀ ਸੰਤਾਨ ਹਨ।

3.ਪਰਮਾਤਮਾ ਦੀ ਭਗਤੀ ਸੱਚੇ ਮਨ ਨਾਲ ਕਰਨੀ ਚਾਹੀਦੀ ਹੈ।

4.ਮਨੁੱਖ ਨੂੰ ਸਦਾ ਨੇਕ ਕਮਾਈ ਖਾਣੀ ਚਾਹੀਦੀ ਹੈ ।

5.ਮਨੁੱਖ ਨੂੰ ਹੱਥੀਂ ਕਿਰਤ ਕਰਨੀ ਚਾਹੀਦੀ ਹੈ ।

6.ਔਰਤ ਮਹਾਂਪੁਰਖਾਂ ਨੂੰ ਜਨਮ ਦਿੰਦੀ ਹੈ। ਉਸ ਦੀ ਇੱਜ਼ਤ ਕਰਨੀ ਚਾਹੀਦੀ ਹੈ।

7.ਮਨੁੱਖ ਨੂੰ ਪਰਮਾਤਮਾ ਦੀ ਰਜ਼ਾ ਵਿੱਚ ਰਾਜ਼ੀ ਰਹਿਣਾ ਚਾਹੀਦਾ ਹੈ।

**4.ਲੋਧੀ ਕਾਲ ਵਿਚ ਮੁਸਲਿਮ ਵਰਗ 'ਤੇ ਨੋਟ ਲਿਖੋ।**

ਉੱਤਰ:ਲੋਧੀ ਕਾਲ ਵਿੱਚ ਮੁਸਲਿਮ ਸਮਾਜ ਤਿੰਨ ਵਰਗਾਂ ਵਿੱਚ ਵੰਡਿਆ ਹੋਇਆ ਸੀ-

**1.ਉੱਚ ਵਰਗ:** ਇਸ ਵਰਗ ਵਿੱਚ ਵੱਡੇ- ਵੱਡੇ ਸਰਦਾਰ, ਇਕਤਾਦਾਰ, ਉਲਮਾ, ਕਾਜ਼ੀ ਤੇ ਸੱਯਦ ਸ਼ਾਮਲ ਸਨ। ਸਰਦਾਰ ਉੱਚ ਅਹੁਦਿਆਂ ਤੇ ਨਿਯੁਕਤ ਸਨ। ਇਕਤਾਦਾਰ ਜਗੀਰਦਾਰ ਲੋਕ ਸਨ।ਸਮਾਜ ਵਿਚ ਉਨ੍ਹਾਂ ਦਾ ਜੀਵਨ ਉੱਚ ਪੱਧਰ ਦਾ ਸੀ।

**2.ਮੱਧ ਵਰਗ:** ਮੱਧ ਵਰਗ ਵਿੱਚ ਕਿਸਾਨ, ਵਪਾਰੀ, ਸੈਨਿਕ ਤੇ ਛੋਟੇ ਕਰਮਚਾਰੀ ਸ਼ਾਮਲ ਸਨ। ਇਹ ਉੱਚ ਵਰਗ ਨਾਲੋਂ ਗਿਣਤੀ ਵਿੱਚ ਜ਼ਿਆਦਾ ਸਨ। ਇਨ੍ਹਾਂ ਦਾ ਜੀਵਨ ਉੱਚ ਵਰਗ ਨਾਲੋਂ ਨੀਵਾਂ ਅਤੇ ਹਿੰਦੂਆਂ ਨਾਲੋਂ ਕਾਫ਼ੀ ਉੱਚਾ ਸੀ।

**3.ਨਿਮਨ ਵਰਗ:** ਨੀਵੇਂ ਵਰਗ ਵਿੱਚ ਸ਼ਿਲਪਕਾਰ, ਨਿੱਜੀ-ਸੇਵਕ, ਦਾਸ- ਦਾਸੀਆਂ, ਲੁਹਾਰ, ਤਰਖਾਣ, ਜੁਲਾਹੇ, ਕਾਰੀਗਰ, ਨੌਕਰ ਤੇ ਗ਼ੁਲਾਮ ਸ਼ਾਮਲ ਸਨ। ਸਭ ਤੋਂ ਹੇਠਲਾ ਪੱਧਰ ਗੁਲਾਮਾਂ ਦਾ ਸੀ। ਗੁਲਾਮਾਂ ਨੂੰ ਵੇਚਿਆ ਤੇ ਖ਼ਰੀਦਿਆ ਜਾਂਦਾ ਸੀ ।

**5. ਸ੍ਰੀ ਗੁਰੂ ਅੰਗਦ ਦੇਵ ਜੀ ਦਾ ਗੁਰਮੁਖੀ ਲਿਪੀ ਦੇ ਵਿਕਾਸ ਵਿੱਚ ਕੀ ਯੋਗਦਾਨ ਹੈ ?**

ਉੱਤਰ-1. ਗੁਰੂ ਅੰਗਦ ਦੇਵ ਜੀ ਨੇ ਇਸ ਲਿਪੀ ਨੂੰ 'ਗੁਰਮੁਖੀ ਲਿਪੀ' ਦਾ ਨਾਂ ਦਿੱਤਾ ।

2. ਗੁਰੂ ਜੀ ਨੇ ਗੁਰਮੁਖੀ ਲਿਪੀ ਵਿੱਚ **ਬਾਲ ਬੋਧ** ਵੀ ਲਿਖਿਆ।

3. ਗੁਰੂ ਜੀ ਨੇ ਆਪਣੀ ਬਾਣੀ ਦੀ ਰਚਨਾ ਵੀ ਇਸੇ ਲਿਪੀ ਵਿਚ ਹੀ ਕੀਤੀ ।

4. ਗੁਰੂ ਜੀ ਨੇ ਇਸ ਲਿਪੀ ਨੂੰ ਮਿਆਰੀ ਰੂਪ ਪ੍ਰਦਾਨ ਕੀਤਾ। ਜਿਸ ਕਰਕੇ ਇਹ ਲਿਪੀ ਆਮ ਲੋਕਾਂ ਵਿੱਚ ਹਰਮਨ ਪਿਆਰੀ ਹੋ ਗਈ ।

**6. ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਕੀਤੇ ਸਮਾਜ ਸੁਧਾਰਕ ਕੰਮਾਂ 'ਤੇ ਨੋਟ ਲਿਖੋ।**

ਉੱਤਰ- 1. ਸ੍ਰੀ ਗੁਰੂ ਅਮਰਦਾਸ ਜੀ ਨੇ ਜਾਤੀ- ਭੇਦ ਅਤੇ ਛੂਤ-ਛਾਤ ਦੀ ਨਿੰਦਿਆ ਕੀਤੀ ।

2. ਗੁਰੂ ਜੀ ਨੇ ਸਮਾਜ ਵਿੱਚ ਸਦੀਆਂ ਤੋਂ ਚੱਲੀ ਆ ਰਹੀ ਸਤੀ ਪ੍ਰਥਾ ਦਾ ਵਿਰੋਧ ਕੀਤਾ ।

3. ਗੁਰੂ ਜੀ ਨੇ ਪਰਦਾ ਪ੍ਰਥਾ ਦਾ ਵਿਰੋਧ ਕੀਤਾ ਤੇ ਇਸਤਰੀਆਂ ਨੂੰ ਪਰਦਾ ਨਾ ਕਰਨ ਦਾ ਆਦੇਸ਼ ਦਿੱਤਾ ।

4. ਗੁਰੂ ਜੀ ਨੇ ਸਿੱਖਾਂ ਨੂੰ ਸ਼ਰਾਬ, ਤੰਬਾਕੂ ਅਤੇ ਹੋਰ ਨਸ਼ੀਲੀਆਂ ਵਸਤੂਆਂ ਤੋਂ ਦੂਰ ਰਹਿਣ ਦਾ ਉਪਦੇਸ਼ ਦਿੱਤਾ ।

5. ਗੁਰੂ ਜੀ ਨੇ ਜਲ ਦੀ ਪੂਰਤੀ ਲਈ ਗੋਇੰਦਵਾਲ ਵਿਖੇ ਬਾਉਲੀ ਦਾ ਨਿਰਮਾਣ ਕੀਤਾ ।

**7. ਅੰਮ੍ਰਿਤਸਰ ਦੀ ਸਥਾਪਨਾ 'ਤੇ ਨੋਟ ਲਿਖੋ।**

ਉੱਤਰ- ਅੰਮ੍ਰਿਤਸਰ ਦੀ ਸਥਾਪਨਾ ਸ੍ਰੀ ਗੁਰੂ ਰਾਮਦਾਸ ਜੀ ਨੇ ਕੀਤੀ। ਉਨ੍ਹਾਂ ਨੇ 1577 ਈਸਵੀ ਵਿੱਚ ਬਾਬਾ ਬੁੱਢਾ ਜੀ ਦੀ ਨਿਗਰਾਨੀ ਹੇਠ ਅੰਮ੍ਰਿਤ ਸਰੋਵਰ ਦੀ ਖੁਦਾਈ ਦਾ ਕੰਮ ਸ਼ੁਰੂ ਕਰਵਾਇਆ। ਉਨ੍ਹਾਂ ਨੇ ਸਿੱਖਾਂ ਨੂੰ ਉੱਥੇ ਜਾ ਕੇ ਵੱਸਣ ਦਾ ਆਦੇਸ਼ ਦਿੱਤਾ। ਗੁਰੂ ਜੀ ਦੇ ਆਦੇਸ਼ ਅਨੁਸਾਰ ਇੱਥੇ 52 ਵਪਾਰੀ ਆ ਕੇ ਵੱਸ ਗਏ ਜਿਨ੍ਹਾਂ ਨੇ ਇੱਥੇ ਆਪਣਾ ਕਾਰੋਬਾਰ ਸ਼ੁਰੂ ਕਰ ਦਿੱਤਾ। ਹੌਲੀ- ਹੌਲੀ ਇੱਥੇ ਇੱਕ ਬਜ਼ਾਰ ਬਣ ਗਿਆ, ਜਿਸ ਨੂੰ ਗੁਰੂ ਕਾ ਬਾਜ਼ਾਰ ਕਿਹਾ ਜਾਣ ਲੱਗਾ। ਇਸ ਨੂੰ **ਰਾਮਦਾਸ ਪੁਰਾ, ਚੱਕ ਗੁਰੂ, ਚੱਕ ਗੁਰੂ ਰਾਮਦਾਸ** ਦੇ ਨਾਂ ਨਾਲ ਵੀ ਜਾਣਿਆ ਜਾਣ ਲੱਗਾ। ਬਾਅਦ ਵਿੱਚ ਇਸ ਦਾ ਨਾਂ ਅੰਮ੍ਰਿਤ ਸਰੋਵਰ ਤੋਂ ਅੰਮ੍ਰਿਤਸਰ ਪੈ ਗਿਆ ।

**8. ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਸੰਖੇਪ ਵਿੱਚ ਵਰਣਨ ਕਰੋ ।**

ਉੱਤਰ- ਜਹਾਂਗੀਰ ਇਕ ਕੱਟੜ ਮੁਸਲਮਾਨ ਸੀ। ਉਹ ਸਿੱਖ ਧਰਮ ਅਤੇ ਗੁਰੂ ਅਰਜਨ ਦੇਵ ਜੀ ਦੀ ਵੱਧ ਰਹੀ ਪ੍ਰਸਿੱਧੀ ਕਾਰਨ ਖੁਸ਼ ਨਹੀਂ ਸੀ। ਗੁਰੂ ਜੀ ਦੇ ਵਿਰੋਧੀਆਂ ਲਈ ਇਹ ਸੁਨਹਿਰੀ ਮੌਕਾ ਸੀ। ਉਸ ਸਮੇਂ ਜਹਾਂਗੀਰ ਦੇ ਪੁੱਤਰ ਖੁਸਰੋ ਨੇ ਜਹਾਂਗੀਰ ਦੇ ਵਿਰੁੱਧ ਵਿਦਰੋਹ ਕਰ ਦਿੱਤਾ। ਜਹਾਂਗੀਰ ਨੇ ਖੁਸਰੋ ਦੀ ਸਹਾਇਤਾ ਕਰਨ ਦੇ ਦੋਸ਼ ਵਿਚ ਗੁਰੂ ਜੀ ਨੂੰ ਬੜੀ ਬੇਰਹਿਮੀ ਨਾਲ ਸ਼ਹੀਦ ਕਰਵਾ ਦਿੱਤਾ।

**9. ' ਜਹਾਂਗੀਰ ਦੀ ਧਾਰਮਿਕ ਅਸਹਿਣਸ਼ੀਲਤਾ ' ਤੋਂ ਕੀ ਭਾਵ ਹੈ?**

ਉੱਤਰ- ਮੁਗ਼ਲ ਬਾਦਸ਼ਾਹ ਜਹਾਂਗੀਰ ਇੱਕ ਕੱਟੜ ਮੁਸਲਮਾਨ ਸੀ। ਪਰ ਉਸ ਸਮੇਂ ਹਰ ਜਾਤੀ ਅਤੇ ਧਰਮ ਦੇ ਲੋਕ ਸਿੱਖ ਧਰਮ ਦੀ ਉਦਾਰਤਾ ਅਤੇ ਸਿੱਖਿਆਵਾਂ ਤੋਂ ਪ੍ਰਭਾਵਿਤ ਹੋ ਕੇ ਸਿੱਖ ਧਰਮ ਨੂੰ ਅਪਣਾ ਰਹੇ ਸਨ। ਜਹਾਂਗੀਰ ਨੂੰ ਗੁਰੂ ਅਰਜਨ ਦੇਵ ਜੀ ਦੇ ਵੱਧਦੇ ਪ੍ਰਭਾਵ ਨਾਲ ਈਰਖਾ ਹੋਣ ਲੱਗੀ। ਉਹ ਦੂਜੇ ਧਰਮਾਂ ਪ੍ਰਤੀ ਉਦਾਰ ਨਹੀਂ ਸੀ ਅਤੇ ਸਿੱਖ ਮੱਤ ਦੇ ਵਿਸਥਾਰ ਨੂੰ ਰੋਕਣਾ ਚਾਹੁੰਦਾ ਸੀ।

**10.ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਤਤਕਾਲੀ ਕਾਰਨ ਕੀ ਸੀ ?**

ਉੱਤਰ- ਖੁਸਰੋ ਜਹਾਂਗੀਰ ਦਾ ਪੁੱਤਰ ਸੀ। ਉਸ ਨੇ ਰਾਜਗੱਦੀ ਪ੍ਰਾਪਤ ਕਰਨ ਲਈ ਆਪਣੇ ਪਿਤਾ ਜਹਾਂਗੀਰ ਵਿਰੁੱਧ ਵਿਦਰੋਹ ਕਰ ਦਿੱਤਾ ਸੀ। ਜਹਾਂਗੀਰ ਨੇ ਖੁਸਰੋ ਨੂੰ ਗ੍ਰਿਫ਼ਤਾਰ ਕਰਨ ਲਈ ਉਸ ਦੇ ਪਿੱਛੇ ਸੈਨਾ ਭੇਜ ਦਿੱਤੀ। ਖੁਸਰੋ ਗੁਰੂ ਜੀ ਨੂੰ ਗੋਇੰਦਵਾਲ ਵਿਖੇ ਮਿਲਿਆ। ਸਿੱਖ ਮਰਿਆਦਾ ਅਨੁਸਾਰ ਗੁਰੂ ਜੀ ਨੇ ਉਸ ਦਾ ਗੁਰੂ ਘਰ ਆਉਣ 'ਤੇ ਆਦਰ ਮਾਣ ਕੀਤਾ ਅਤੇ ਲੰਗਰ ਛਕਾਇਆ। ਇਸ ਕਾਰਨ ਵਿਰੋਧੀਆਂ ਨੇ ਜਹਾਂਗੀਰ ਦੇ ਕੰਨ ਭਰ ਦਿੱਤੇ ਕਿ ਗੁਰੂ ਜੀ ਨੇ ਖੁਸਰੋ ਨੂੰ ਸ਼ਰਨ ਦਿੱਤੀ ਹੈ। ਜਹਾਂਗੀਰ ਨੇ ਖੁਸਰੋ ਦੀ ਸਹਾਇਤਾ ਕਰਨ ਦੇ ਦੋਸ਼ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਗ੍ਰਿਫ਼ਤਾਰੀ ਦਾ ਆਦੇਸ਼ ਦੇ ਦਿੱਤਾ।

**11. ਮਸੰਦ ਪ੍ਰਥਾ ਦਾ ਸਿੱਖ ਧਰਮ ਦੇ ਵਿਕਾਸ ਵਿੱਚ ਕੀ ਯੋਗਦਾਨ ਸੀ ?**

ਉੱਤਰ-1.ਮਸੰਦ ਪ੍ਰਥਾ ਕਾਰਨ ਸਿੱਖ ਧਰਮ ਦੀ ਪ੍ਰਸਿੱਧੀ ਦੂਰ-ਦੂਰ ਤੱਕ ਫੈਲ ਗਈ।

2. ਗੁਰੂ ਜੀ ਨੇ ਮਸੰਦ ਪ੍ਰਥਾ ਦੇ ਵਿਕਾਸ ਲਈ ਨਵੇਂ ਨਿਯਮ ਬਣਾਏ।

3.ਦਸਵੰਧ ਇਕੱਠਾ ਕਰਨ ਲਈ ਗੁਰੂ ਜੀ ਨੇ ਬਹੁਤ ਹੀ ਜ਼ਿੰਮੇਵਾਰ ਸਿੱਖਾਂ ਨੂੰ ਮਸੰਦ ਨਿਯੁਕਤ ਕੀਤਾ।

4.ਗੁਰੂ ਜੀ ਨੇ ਪੰਜਾਬ ਤੋਂ ਬਾਹਰ ਵੀ ਮਸੰਦਾਂ ਦੀ ਨਿਯੁਕਤੀ ਕੀਤੀ ਜਿਸ ਨਾਲ ਸਿੱਖ ਧਰਮ ਦਾ ਪ੍ਰਚਾਰ ਤੇਜ਼ੀ ਨਾਲ ਵਧ ਗਿਆ।

**12.ਫਰਾਂਸ ਦੀ ਕ੍ਰਾਂਤੀ ਤੋਂ ਪਹਿਲਾਂ ਸਮਾਜ ਕਿਸ ਤਰਾਂ ਵੰਡਿਆ ਹੋਇਆ ਸੀ ?**

**ਉੱਤਰ-**ਫਰਾਂਸ ਦੀ ਕ੍ਰਾਂਤੀ ਤੋਂ ਪਹਿਲਾਂ ਸਮਾਜ ਤਿੰਨ ਵਰਗਾਂ ਵਿੱਚ ਵੰਡਿਆ ਹੋਇਆ ਸੀ-

ਉੱਤਰ-**ਪਹਿਲਾ ਵਰਗ-** ਪਹਿਲਾ ਵਰਗ ਅੱਗੋਂ ਦੋ ਹਿੱਸਿਆਂ ਵਿੱਚ ਵੰਡਿਆ ਹੋਇਆ ਸੀ- ਉੱਚ ਪਾਦਰੀ ਅਤੇ ਸਾਧਾਰਨ ਪਾਦਰੀ। ਉੱਚ ਪਾਦਰੀ ਦੀ ਸ਼੍ਰੇਣੀ ਵਿੱਚ ਪ੍ਰਧਾਨ ਪਾਦਰੀ, ਧਰਮ ਅਧਿਅਕਸ਼ ਅਤੇ ਮਹੰਤ ਆਉਂਦੇ ਸਨ ਜੋ ਕਿ ਫਰਾਂਸ ਵਿੱਚ ਗਿਰਜਾ ਘਰ ਦਾ ਪ੍ਰਬੰਧ ਚਲਾਉਂਦੇ ਸਨ। ਪ੍ਰਧਾਨ ਪਾਦਰੀ ਕੁੱਲ ਜਨਸੰਖਿਆ ਦਾ 1% ਹਿੱਸਾ ਸਨ, ਜੋ ਗਿਰਜਾ ਘਰ ਦੀ ਸੰਪਤੀ ਦਾ ਲਾਭ ਉਠਾਉਂਦੇ ਸਨ ਅਤੇ ਉਨ੍ਹਾਂ ਨੂੰ ਲੋਕਾਂ ਕੋਲੋਂ ਟੈਕਸ ਇਕੱਠਾ ਕਰਨ ਦਾ ਅਧਿਕਾਰ ਸੀ। ਸਾਧਾਰਨ ਪਾਦਰੀ ਈਸਾਈ ਮੱਠਾਂ ਵਿੱਚ ਰਹਿੰਦੇ ਸਨ ਤੇ ਗਿਰਜਾਘਰ ਵਿੱਚ ਅਧਿਆਤਮਕ ਸੇਵਾਵਾਂ ਦਿੰਦੇ ਸਨ। ਉਨ੍ਹਾਂ ਦੀ ਆਮਦਨ ਇੰਨ੍ਹੀ ਘੱਟ ਸੀ ਕਿ ਉਹ ਇੱਕ ਸਾਧਾਰਨ ਜੀਵਨ ਵੀ ਮੁਸ਼ਕਿਲ ਨਾਲ ਗੁਜ਼ਾਰਦੇ ਸਨ।

**ਦੂਸਰਾ ਵਰਗ-** ਇਸ ਵਰਗ ਵਿੱਚ ਕੁਲੀਨ ਅਤੇ ਰਈਸ ਲੋਕ ਆਉਂਦੇ ਸਨ ਜਿਨ੍ਹਾਂ ਨੂੰ ਕੋਈ ਟੈਕਸ ਨਹੀਂ ਦੇਣਾ ਪੈਂਦਾ ਸੀ ਅਤੇ ਭੂਮੀ ਰਾਹੀਂ ਧਨ ਇਕੱਠਾ ਕਰਦੇ ਸਨ। ਇਹ ਕੁੱਲ ਜਨਸੰਖਿਆ ਦਾ 2% ਹਿੱਸਾ ਸਨ।

**ਤੀਸਰਾ ਵਰਗ-** ਇਸ ਵਰਗ ਵਿੱਚ ਕੁੱਲ ਜਨਸੰਖਿਆ ਦੇ 97% ਆਉਂਦੇ ਸਨ ।ਇਸ ਵਰਗ ਨੂੰ ਅਸਮਾਨਤਾ ਅਤੇ ਸਮਾਜਿਕ ਤੇ ਆਰਥਿਕ ਤੌਰ 'ਤੇ ਪੱਛੜੇਪਣ ਦਾ ਸਾਹਮਣਾ ਕਰਨਾ ਪੈਂਦਾ ਸੀ।ਇਸ ਵਿੱਚ ਅਮੀਰ ਵਪਾਰੀ, ਅਦਾਲਤੀ ਤੇ ਕਾਨੂੰਨੀ ਅਧਿਕਾਰੀ,ਸ਼ਾਹੂਕਾਰ, ਕਿਸਾਨ, ਕਾਰੀਗਰ, ਛੋਟੇ ਕਾਸ਼ਤਕਾਰ, ਭੂਮੀ ਰਹਿਤ ਮਜ਼ਦੂਰ ਆਉਂਦੇ ਸਨ। ਇਨ੍ਹਾਂ ਨੂੰ ਸਭ ਤੋਂ ਵੱਧ ਟੈਕਸ ਦੇਣਾ ਪੈਂਦਾ ਸੀ।

**13. ਰੂਸ ਵਿਚ ਅਸਥਾਈ ਸਰਕਾਰ ਦੀ ਅਸਫ਼ਲਤਾ ਦੇ ਕੀ ਕਾਰਨ ਸਨ ?**

ਉੱਤਰ- **1.** ਆਰਜ਼ੀ ਸਰਕਾਰ ਨੇ ਲੜਾਈ ਜਾਰੀ ਰੱਖਣ ਦਾ ਫੈਸਲਾ ਕੀਤਾ ਪਰ ਜਨਤਾ ਲੜਾਈ ਤੋਂ ਅੱਕ ਚੁੱਕੀ ਸੀ ਜਿਸ ਕਾਰਨ ਸਰਕਾਰ ਪ੍ਰਤੀ ਉਦਾਸੀਨ ਹੋ ਗਈ।

2. ਜੂਨ ਦਾ ਹਮਲਾ ਅਸਫ਼ਲ ਹੋਣ ਕਾਰਨ ਹਜ਼ਾਰਾਂ ਸੈਨਿਕ ਭਗੌੜੇ ਹੋ ਗਏ ਅਤੇ ਅਨੁਸ਼ਾਸਨ ਨੂੰ ਢਾਹ ਲੱਗੀ।

3. ਆਰਜ਼ੀ ਸਰਕਾਰ ਨੂੰ ਅਧਿਕਾਰਾਂ ਦੀ ਵੰਡ ਕਰਨੀ ਪਈ, ਜਿਸ ਕਾਰਨ ਸਰਕਾਰ ਦੀ ਸ਼ਕਤੀ ਤੇ ਅਧਿਕਾਰ ਸੀਮਿਤ ਹੋ ਗਏ।

4. ਸਿਪਾਹੀਆਂ ਨੇ ਸਿਰਫ਼ ਪੈਟਰੋਗ੍ਰਾਡ ਸੋਵੀਅਤ ਦਾ ਹੁਕਮ ਮੰਨਣ ਦਾ ਫੈਸਲਾ ਕੀਤਾ।

5. ਸੰਵਿਧਾਨ ਸਭਾ ਦੀਆਂ ਚੋਣਾਂ ਨੂੰ ਟਾਲਣ ਦੇ ਫ਼ੈਸਲੇ ਕਾਰਨ ਵੀ ਆਮ ਜਨਤਾ ਵਿੱਚ ਸਰਕਾਰ ਬਦਨਾਮ ਹੋ ਗਈ।

6. ਵੱਡੇ ਖੇਤਾਂ ਨੂੰ ਛੋਟੇ-ਛੋਟੇ ਖੇਤਾਂ ਵਿੱਚ ਵੰਡ ਕੇ ਕਿਸਾਨਾਂ ਨੂੰ ਜ਼ਮੀਨ ਦੇਣ ਦੀ ਉਮੀਦ ਵੀ ਪੂਰੀ ਨਹੀਂ ਹੋ ਸਕੀ।

**14. 1878 ਦੇ ਵਣ ਕਾਨੂੰਨ ਅਨੁਸਾਰ ਜੰਗਲਾਂ ਦੀਆਂ ਵੱਖ- ਵੱਖ ਸ਼੍ਰੇਣੀਆਂ ਬਾਰੇ ਦੱਸੋ ।**

ਉੱਤਰ-1878 ਈ.ਵਿੱਚ ਭਾਰਤੀ ਵਣ ਕਾਨੂੰਨ ਅਧੀਨ ਵਣਾਂ ਦੀਆਂ ਤਿੰਨ ਸ਼੍ਰੇਣੀਆਂ ਬਣਾ ਦਿੱਤੀਆਂ: 1.ਰਾਖਵੇਂ ਵਣ, 2.ਸੁਰੱਖਿਅਤ ਵਣ 3. ਗ੍ਰਾਮੀਣ ਵਣ।

**1. ਰਾਖਵੇਂ ਵਣ**:- ਇਹ ਵਣ ਲੱਕੜੀ ਦੇ ਵਪਾਰਿਕ ਉਤਪਾਦਨ ਲਈ ਰੱਖੇ ਗਏ ਸੀ। ਇਨ੍ਹਾਂ ਵਣਾਂ ਵਿੱਚ ਪਸ਼ੂ ਚਰਾਉਣ ਅਤੇ ਖੇਤੀ ਕਰਨ ਦੀ ਸਖ਼ਤ ਮਨਾਹੀ ਸੀ।

**2. ਸੁਰੱਖਿਅਤ ਵਣ:-** ਇਹਨਾਂ ਵਣਾਂ ਵਿੱਚ ਪਸ਼ੂ ਚਾਰਨ ਅਤੇ ਖੇਤੀ ਕਰਨ ‘ਤੇ ਰੋਕ ਸੀ। ਲੋਕਾਂ ਨੂੰ ਵਣਾਂ ਦੀ ਵਰਤੋਂ ਕਰਨ ਬਦਲੇ ਸਰਕਾਰ ਨੇ ਟੈਕਸ ਦੇਣਾ ਪੈਂਦਾ ਸੀ ਅਤੇ ਕਈ ਵਾਰ ਅਧਿਕਾਰੀਆਂ ਨੂੰ ਰਿਸ਼ਵਤ ਦੇਣੀ ਪੈਂਦੀ ਸੀ।

**3.ਗ੍ਰਾਮੀਣ ਵਣ**: ਵਣਾਂ ਦੇ ਨੇੜੇ ਰਹਿਣ ਵਾਲੇ ਲੋਕ ਇਨ੍ਹਾਂ ਵਣਾਂ ਤੋਂ ਘਰ ਬਣਾਉਣ ਲਈ ਅਤੇ ਬਾਲਣ ਲਈ ਲੱਕੜ ਪ੍ਰਾਪਤ ਕਰ ਸਕਦੇ ਸਨ।

**15.ਝੂਮ ਪ੍ਰਥਾ ‘ਤੇ ਨੋਟ ਲਿਖੋ।**

ਉੱਤਰ- ਝੂਮ ਖੇਤੀ ਜਿਸ ਨੂੰ ਬਦਲਵੀਂ ਖੇਤੀ ਵੀ ਕਿਹਾ ਜਾਂਦਾ ਸੀ, ਇਹ ਬਸਤੀਵਾਦ ਤੋਂ ਪਹਿਲਾਂ ਜੰਗਲਾਂ ਵਿੱਚ ਕੀਤੀ ਜਾਂਦੀ ਸੀ। ਖੇਤੀ ਦੀ ਇਸ ਪ੍ਰਥਾ ਵਿੱਚ ਜੰਗਲਾਂ ਦੇ ਕੁੱਝ ਭਾਗ ‘ਚੋਂ ਰੁੱਖਾਂ ਨੂੰ ਕੱਟ ਕੇ ਅੱਗ ਲਗਾ ਦਿੱਤੀ ਜਾਂਦੀ ਸੀ। ਮਾਨਸੂਨ ਤੋਂ ਬਾਅਦ ਉਸ ਖੇਤਰ ਵਿਚ ਫ਼ਸਲ ਬੀਜ ਦਿੱਤੀ ਜਾਂਦੀ ਸੀ ਜਿਸ ਨੂੰ ਅਕਤੂਬਰ-ਨਵੰਬਰ ਚ ਕੱਟ ਲਿਆ ਜਾਂਦਾ ਸੀ। ਦੋ ਤਿੰਨ ਸਾਲ ਇਸ ਖੇਤਰ ਚੋਂ ਫ਼ਸਲ ਪੈਦਾ ਕੀਤੀ ਜਾਂਦੀ ਸੀ ਜਦੋਂ ਇਸ ਦੀ ਉਪਜਾਊ ਸ਼ਕਤੀ ਘੱਟ ਜਾਂਦੀ ਸੀ, ਤਾਂ ਇਸ ਖੇਤਰ ‘ਚ ਰੁੱਖ ਲਗਾ ਦਿੱਤੇ ਜਾਂਦੇ ਸਨ ਤਾਂ ਜੋ ਫਿਰ ਜੰਗਲ ਤਿਆਰ ਹੋ ਸਕੇ। ਅਜਿਹਾ ਜੰਗਲ 17-18 ਸਾਲਾਂ ‘ਚ ਦੁਬਾਰਾ ਤਿਆਰ ਹੋ ਜਾਂਦਾ ਸੀ। ਵਣ-ਵਾਸੀ ਜੰਗਲ ਵਿੱਚ ਖੇਤੀ ਕਰਨ ਲਈ ਹੋਰ ਜਗ੍ਹਾ ਚੁਣ ਲੈਂਦੇ ਸਨ।

**16.ਮਨੁੱਖ ਨੂੰ ਪਹਿਰਾਵੇ ਦੀ ਲੋੜ ਕਿਉਂ ਪਈ ?**

ਉੱਤਰ-ਵਿਅਕਤੀ ਦਾ ਪਹਿਰਾਵਾ ਉਸ ਦੀ ਬੌਧਿਕ, ਮਾਨਸਿਕ ਅਤੇ ਆਰਥਿਕ ਸਥਿਤੀ ਦਾ ਪ੍ਰਗਟਾਵਾ ਵੀ ਕਰਦਾ ਹੈ। ਪਹਿਰਾਵੇ ਦੀ ਵਰਤੋਂ ਕੇਵਲ ਸਰੀਰ ਢੱਕਣ ਲਈ ਵੀ ਨਹੀਂ ਕੀਤੀ ਜਾਂਦੀ ਸਗੋਂ ਇਸ ਤੋਂ ਮਨੁੱਖ ਦੇ ਰੁਤਬੇ, ਸੱਭਿਆਚਾਰ, ਸਮਾਜਿਕ ਪੱਧਰ ਆਦਿ ਦਾ ਪ੍ਰਗਟਾਵਾ ਵੀ ਹੁੰਦਾ ਹੈ।ਇਸੇ ਕਾਰਨ ਹੀ ਮਨੁੱਖ ਨੂੰ ਪਹਿਰਾਵੇ ਦੀ ਲੋੜ ਪਈ।

**17.ਉਦਯੋਗਿਕ ਕ੍ਰਾਂਤੀ ਦਾ ਪਹਿਰਾਵੇ ‘ਤੇ ਕੀ ਪ੍ਰਭਾਵ ਪਿਆ ?**

ਉੱਤਰ-ਉਦਯੋਗਿਕ ਕ੍ਰਾਂਤੀ ਕਾਰਨ ਲੋਕਾਂ ਦੇ ਵਿਚਾਰਾਂ ਅਤੇ ਜੀਵਨ ਸ਼ੈਲੀ ਵਿੱਚ ਪਰਿਵਰਤਨ ਆਇਆ ਜਿਸ ਨਾਲ ਲੋਕਾਂ ਦੇ ਪਹਿਰਾਵੇ ਵਿੱਚ ਵੀ ਪਰਿਵਰਤਨ ਦੇਖਣ ਨੂੰ ਮਿਲਿਆ।ਕੱਪੜੇ ਦਾ ਉਤਪਾਦਨ ਮਸ਼ੀਨਾਂ ਨਾਲ ਹੋਣ ਲੱਗ ਪਿਆ ਇਸ ਕਰਕੇ ਕੱਪੜਾ ਸਸਤਾ ਵੀ ਹੋ ਗਿਆ ਤੇ ਉਸ ਦੀ ਬਾਜ਼ਾਰ ਵਿੱਚ ਬਹੁਤਾਤ ਵੀ ਹੋ ਗਈ। ਮਸ਼ੀਨੀ ਕੱਪੜਾ ਵੱਖ-ਵੱਖ ਡਿਜ਼ਾਈਨਾਂ ਵਿੱਚ ਆ ਗਿਆ।ਕੱਪੜਾ ਸਸਤਾ ਹੋਣ ਕਾਰਨ ਲੋਕਾਂ ਕੋਲ ਪੁਸ਼ਾਕਾਂ ਦੀ ਗਿਣਤੀ ਵੱਧ ਗਈ।

## ਭਾਗ-ਸ (ਨਾਗਰਿਕ ਸ਼ਾਸਤਰ)

**ਸਹੀ ਵਿਕਲਪ ਦੀ ਚੋਣ ਕਰੋ-**

**1.ਹੇਠ ਲਿਖਿਆਂ ਵਿੱਚੋਂ ਕਿਸ ਦੇਸ਼ ਨੇ ਦੁਨੀਆਂ ਦੇ ਦੇਸ਼ਾਂ ਨੂੰ ਸੰਸਦੀ ਲੋਕਤੰਤਰ ਪ੍ਰਣਾਲੀ ਅਪਣਾਉਣ ਦੀ ਪ੍ਰੇਰਨਾ ਦਿੱਤੀ-**

**1)** ਜਰਮਨੀ 2) ਫਰਾਂਸ **3)** ਇੰਗਲੈਂਡ **4)** ਚੀਨ

**2.ਹੇਠ ਲਿਖੇ ਦੇਸ਼ਾਂ ਵਿੱਚੋਂ ਵੀਟੋ ਸ਼ਕਤੀ ਕਿਹੜੇ ਦੇਸ਼ ਕੋਲ ਨਹੀਂ ਹੈ?**

**1) ਭਾਰਤ** **2)** ਅਮਰੀਕਾ **3)** ਫਰਾਂਸ **4)** ਚੀਨ

**3.ਲੋਕਤੰਤਰ ਦੀ ਸਫ਼ਲਤਾ ਲਈ ਹੇਠ ਲਿਖਿਆਂ ਵਿੱਚੋਂ ਕਿਹੜੀ ਸ਼ਰਤ ਜ਼ਰੂਰੀ ਹੈ-**

1.ਪੜ੍ਹੇ-ਲਿਖੇ ਲੋਕ 2.ਸੁਚੇਤ ਨਾਗਰਿਕ 3.ਬਾਲਗ-ਮਤ ਅਧਿਕਾਰ **4. ਉਕਤ ਸਾਰੀਆਂ**

**4.ਲੋਕਤੰਤਰ (ਡੈਮੋਕ੍ਰੇਸੀ) ਦਾ ਸ਼ਾਬਦਿਕ ਅਰਥ ਹੈ-**

1.ਇੱਕ ਵਿਅਕਤੀ ਦਾ ਸ਼ਾਸਨ 2.ਨੌਕਰਸ਼ਾਹਾਂ ਦਾ ਸ਼ਾਸਨ 3. ਸੈਨਿਕ ਤਾਨਾਸ਼ਾਹੀ **4. ਲੋਕਾਂ ਦਾ ਸ਼ਾਸਨ**

**5. ਸੰਵਿਧਾਨ ਸਭਾ ਦੇ ਪ੍ਰਧਾਨ ਕੌਣ ਸਨ?**

1. ਪੰਡਿਤ ਜਵਾਹਰ ਲਾਲ ਨਹਿਰੂ 2. ਮਹਾਤਮਾ ਗਾਂਧੀ

**3. ਡਾ. ਰਾਜਿੰਦਰ ਪ੍ਰਸਾਦ** 4. ਡਾ. ਬੀ.ਆਰ.ਅੰਬੇਦਕਰ

**6. ਗਣਤੰਤਰ ਦੇਸ਼ ਉਹ ਹੁੰਦਾ ਹੈ:-**

1. ਜਿਸ ਦਾ ਮੁਖੀ ਪਿਤਾ ਪੁਰਖੀ ਹੁੰਦਾ ਹੈ। 2. ਜਿਸਦਾ ਮੁਖੀ ਸੈਨਿਕ ਤਾਨਾਸ਼ਾਹ ਹੁੰਦਾ ਹੈ।

**3. ਜਿਸ ਦਾ ਮੁਖੀ ਲੋਕਾਂ ਦੁਆਰਾ ਪ੍ਰਤੱਖ ਜਾਂ ਅਪ੍ਰਤੱਖ ਢੰਗ ਰਾਹੀਂ ਨਿਸ਼ਚਿਤ ਸਮੇਂ ਲਈ ਚੁਣਿਆ ਜਾਂਦਾ ਹੈ।**

4. ਜਿਸ ਦੇਸ਼ ਦਾ ਮੁਖੀ ਮਨੋਨੀਤ ਕੀਤਾ ਜਾਂਦਾ ਹੈ।

**7. ਲੋਕਾਂ ਦੇ ਪ੍ਰਤੀਨਿਧੀ.......**

1.ਨਿਯੁਕਤ ਕੀਤੇ ਜਾਂਦੇ ਹਨ। **2.ਲੋਕਾਂ ਦੁਆਰਾ ਨਿਸ਼ਚਿਤ ਸਮੇਂ ਲਈ ਚੁਣੇ ਜਾਂਦੇ ਹਨ।**

3.ਲੋਕਾਂ ਦੁਆਰਾ ਪੱਕੇ ਤੌਰ 'ਤੇ ਚੁਣੇ ਜਾਂਦੇ ਹਨ । 4.ਰਾਸ਼ਟਰਪਤੀ ਦੁਆਰਾ ਚੁਣੇ ਜਾਂਦੇ ਹਨ।

**8. ਹੇਠ ਲਿਖਿਆਂ ਵਿੱਚੋਂ ਕਿਹੜਾ ਲੋਕਤੰਤਰ ਦਾ ਥੰਮ੍ਹ ਨਹੀਂ ਹੈ?**

1. ਰਾਜਨੀਤਿਕ ਦਲ 2. ਨਿਰਪੱਖ ਅਤੇ ਸੁਤੰਤਰ ਚੋਣਾਂ **3. ਗ਼ਰੀਬੀ** 4. ਬਾਲਗ ਮੱਤ ਅਧਿਕਾਰ

**9.ਬਾਲ ਮਜ਼ਦੂਰੀ ਕਿਸ ਅਧਿਕਾਰ ਦੁਆਰਾ ਬੰਦ ਕੀਤੀ ਗਈ ਹੈ ?**

1.ਸੁਤੰਤਰਤਾ ਦਾ ਅਧਿਕਾਰ 2.ਸਮਾਨਤਾ ਦਾ ਅਧਿਕਾਰ

**3.ਸ਼ੋਸ਼ਣ ਵਿਰੁੱਧ ਅਧਿਕਾਰ** 4.ਸੰਵਿਧਾਨਿਕ ਉਪਚਾਰਾਂ ਦਾ ਅਧਿਕਾਰ

**10.ਧਰਮ ਨਿਰਪੱਖ ਰਾਜ ਦਾ ਅਰਥ ਹੈ.....**

1.ਉਹ ਰਾਜ ਜਿਸ ਵਿੱਚ ਕੇਵਲ ਇੱਕ ਹੀ ਧਰਮ ਹੋਵੇ । 2.ਉਹ ਰਾਜ ਜਿਸ ਵਿੱਚ ਕੋਈ ਧਰਮ ਨਹੀਂ ।

3.ਉਹ ਰਾਜ ਜਿੱਥੇ ਬਹੁਤ ਸਾਰੇ ਧਰਮ ਹੋਣ । **4.ਉਹ ਰਾਜ ਜਿਸਦਾ ਕੋਈ ਰਾਜਕੀ ਧਰਮ ਨਹੀਂ ।**

**ਖਾਲੀ ਥਾਂਵਾਂ ਭਰੋ –**

**1.** ਚੋਲ ਰਾਜਿਆਂ ਦੇ ਸਮੇਂ ਪ੍ਰਸ਼ਾਸਨ ਦੀ ਸਭ ਤੋਂ ਛੋਟੀ ਇਕਾਈ **ਉਰ** ਸੀ ।

**2.** ਚਿੱਲੀ ਵਿੱਚ ਸੋਸ਼ਲਿਸਟ ਪਾਰਟੀ ਦੀ ਅਗਵਾਈ **ਸਾਲਵਾਡੋਰ** ਅਲੈਂਡੇ ਨੇ ਕੀਤੀ।

3. **ਸੀਲੇ** ਅਨੁਸਾਰ ਲੋਕਤੰਤਰ ਇੱਕ ਅਜਿਹੀ ਪ੍ਰਣਾਲੀ ਹੈ ਜਿਸ ਵਿੱਚ ਹਰ ਇੱਕ ਦਾ ਹਿੱਸਾ ਹੁੰਦਾ ਹੈ।

4.ਡੈਮੋਕ੍ਰੇਸੀ ਯੂਨਾਨੀ ਭਾਸ਼ਾ ਦੇ ਦੋ ਸ਼ਬਦਾਂ **Demos** ਅਤੇ **Cratia** ਤੋਂ ਮਿਲ ਕੇ ਬਣਿਆ ਹੈ।

5. ਭਾਰਤੀ ਸੰਵਿਧਾਨ ਵਿੱਚ ਨਿਰਦੇਸ਼ਕ ਸਿਧਾਂਤ **ਆਇਰਲੈਂਡ** ਦੇਸ਼ ਦੇ ਸੰਵਿਧਾਨ ਤੋਂ ਲਏ ਗਏ ਹਨ।

6. **ਡਾ. ਬੀ.ਆਰ.ਅੰਬੇਦਕਰ** ਭਾਰਤੀ ਸੰਵਿਧਾਨ ਦੀ ਮਸੌਦਾ ਕਮੇਟੀ ਦੇ ਪ੍ਰਧਾਨ ਸਨ।

7. ਭਾਰਤ ਵਿੱਚ ਕੇਂਦਰੀ ਸੰਸਦ ਦੇ ਚੁਣੇ ਹੋਏ ਪ੍ਰਤੀਨਿਧ ਨੂੰ **ਐਮ. ਪੀ.** ਕਿਹਾ ਜਾਂਦਾ ਹੈ।

8. ਮੁੱਖ ਚੋਣ ਕਮਿਸ਼ਨਰ ਅਤੇ ਉਪ ਚੋਣ ਕਮਿਸ਼ਨਰਾਂ ਦੀ ਨਿਯੁਕਤੀ **ਰਾਸ਼ਟਰਪਤੀ** ਦੁਆਰਾ ਕੀਤੀ ਜਾਂਦੀ ਹੈ।

9. ਪਹਿਲੀਆਂ ਲੋਕ ਸਭਾ ਚੋਣਾਂ **1952** ਨੂੰ ਹੋਈਆਂ।

10.ਸੰਵਿਧਾਨ ਦੁਆਰਾ ਸਾਨੂੰ **ਛੇ** ਮੌਲਿਕ ਅਧਿਕਾਰ ਦਿੱਤੇ ਗਏ ਹਨ ।

11.ਮੁਫ਼ਤ ਅਤੇ ਜ਼ਰੂਰੀ ਸਿੱਖਿਆ ਦਾ ਅਧਿਕਾਰ ਸੰਵਿਧਾਨ ਦੇ ਅਨੁਛੇਦ **21 ਏ** ਰਾਹੀਂ **86 ਵੀਂ** ਸੋਧ ਰਾਹੀਂ ਦਿੱਤਾ ਗਿਆ ।

**ਹੇਠ ਲਿਖੇ ਵਾਕਾਂ ਦੇ ਸਾਹਮਣੇ ਠੀਕ/ਗਲਤ ਦੱਸੋ-**

1. ਭਾਰਤ ਸੰਯੁਕਤ ਰਾਸ਼ਟਰ ਸੰਘ ਦੀ ਸੁਰੱਖਿਆ ਪ੍ਰੀਸ਼ਦ ਦਾ ਸਥਾਈ ਮੈਂਬਰ ਹੈ । (**ਗ਼ਲਤ**)

2. ਸਾਡੇ ਗੁਆਂਢੀ ਦੇਸ਼ ਪਾਕਿਸਤਾਨ ਵਿੱਚ ਲੋਕਤੰਤਰ ਲਗਾਤਾਰ ਚੱਲ ਰਿਹਾ ਹੈ। (**ਗ਼ਲਤ**)

3.ਲੋਕਤੰਤਰ ਵਿੱਚ ਵੱਖ-ਵੱਖ ਵਿਚਾਰ ਰੱਖਣ ਦੀ ਖੁੱਲ੍ਹ ਨਹੀਂ ਹੁੰਦੀ। (**ਗਲਤ**)

4.ਲੋਕਤੰਤਰ ਸਪੱਸ਼ਟ ਤੌਰ 'ਤੇ ਹਿੰਸਾਤਮਕ ਸਾਧਨਾਂ ਦੇ ਵਿਰੁੱਧ ਹੈ ਭਾਵੇਂ ਇਹ ਸਮਾਜ ਦੀ ਭਲਾਈ ਲਈ ਹੀ ਕਿਉਂ ਨਾ ਵਰਤੇ ਜਾਣ। (**ਠੀਕ**)

5.ਲੋਕਤੰਤਰ ਵਿੱਚ ਵਿਅਕਤੀਆਂ ਨੂੰ ਕਈ ਤਰ੍ਹਾਂ ਦੇ ਅਧਿਕਾਰ ਦਿੱਤੇ ਜਾਂਦੇ ਹਨ। (**ਠੀਕ**)

6.ਨਾਗਰਿਕਾਂ ਦਾ ਚੇਤੰਨ ਹੋਣਾ ਲੋਕਤੰਤਰ ਲਈ ਜ਼ਰੂਰੀ ਹੈ। (**ਠੀਕ**)

7.ਸੰਵਿਧਾਨ ਵਿੱਚ ਸਮਾਜਵਾਦ, ਧਰਮ ਨਿਰਪੱਖ ਅਤੇ ਅਖੰਡਤਾ ਸ਼ਬਦਾਂ ਨੂੰ 42ਵੀਂ ਸੋਧ ਦੁਆਰਾ ਸ਼ਾਮਲ ਕੀਤਾ ਗਿਆ ਹੈ। (**ਠੀਕ**)

8. ਭਾਰਤ ਇੱਕ ਪ੍ਰਭੂਸੱਤਾ ਸੰਪਨ, ਧਰਮ ਨਿਰਪੱਖ, ਸਮਾਜਵਾਦੀ, ਲੋਕਤੰਤਰਿਕ ਅਤੇ ਗਣਰਾਜ ਦੇਸ਼ ਹੈ। (**ਠੀਕ**)

9.ਭਾਰਤ ਵਿੱਚ ਬਹੁ-ਦਲੀ ਪ੍ਰਣਾਲੀ ਹੈ। (**ਠੀਕ**)

10.ਚੋਣ ਕਮਿਸ਼ਨ ਦਾ ਮੁੱਖ ਕੰਮ ਚੋਣਾਂ ਦਾ ਨਿਰਦੇਸ਼ਨ, ਪ੍ਰਬੰਧ ਅਤੇ ਨਿਰੀਖਣ ਕਰਨਾ ਹੈ। (**ਠੀਕ**)

11.ਅਧਿਕਾਰ ਜੀਵਨ ਦੀਆਂ ਉਹ ਜ਼ਰੂਰੀ ਹਾਲਤਾਂ ਹਨ ਜਿੰਨ੍ਹਾਂ ਤੋਂ ਬਿਨ੍ਹਾਂ ਕੋਈ ਵੀ ਖੁਸ਼ਹਾਲ ਜ਼ਿੰਦਗੀ ਨਹੀਂ ਜਿਓ ਸਕਦਾ।(**ਠੀਕ**)

12.ਧਰਮ ਨਿਰਪੱਖ ਦਾ ਅਰਥ ਹੈ ਕਿ ਲੋਕ ਕਿਸੇ ਵੀ ਧਰਮ ਨੂੰ ਅਪਨਾਉਣ ਲਈ ਸੁਤੰਤਰ ਹਨ। (**ਠੀਕ**)

**ਵਸਤੂਨਿਸ਼ਠ ਪ੍ਰਸ਼ਨ:-**

**1.ਅੱਜਕੱਲ੍ਹ ਦੁਨੀਆਂ ਦੇ ਜ਼ਿਆਦਾਤਰ ਦੇਸ਼ਾਂ ਵਿੱਚ ਕਿਹੜੀ ਸ਼ਾਸਨ ਪ੍ਰਣਾਲੀ ਅਪਣਾਈ ਜਾ ਰਹੀ ਹੈ ?**

ਉੱਤਰ :ਲੋਕਤੰਤਰੀ ਸ਼ਾਸਨ ਪ੍ਰਣਾਲੀ।

**2. ਪਹਿਲੇ ਵਿਸ਼ਵ ਯੁੱਧ ਤੋਂ ਬਾਅਦ ਇਟਲੀ ਤੇ ਜਰਮਨੀ ਵਿੱਚ ਪ੍ਰਚੱਲਿਤ ਵਿਚਾਰ ਧਰਾਵਾਂ ਦੇ ਨਾਂ ਲਿਖੋ ਜਿਨ੍ਹਾਂ ਕਾਰਨ ਲੋਕਤੰਤਰ ਨੂੰ ਇਕ ਵੱਡਾ ਧੱਕਾ ਲੱਗਾ?**

ਉੱਤਰ : ਇਟਲੀ ਵਿਚ ਫਾਸੀਵਾਦ ਅਤੇ ਜਰਮਨੀ ਵਿਚ ਨਾਜ਼ੀਵਾਦ।

**3. ਅਲੈਂਡੇ ਚਿੱਲੀ ਦੇਸ਼ ਦਾ ਰਾਸ਼ਟਰਪਤੀ ਕਦੋਂ ਚੁਣਿਆ ਗਿਆ ?**

ਉੱਤਰ: 1970 ਈ. ਵਿੱਚ।

**4.ਪੋਲੈਂਡ ਵਿੱਚ ਲੋਕਤੰਤਰੀ ਅਧਿਕਾਰਾਂ ਦੀ ਮੰਗ ਲਈ ਹੜਤਾਲ ਦੀ ਅਗਵਾਈ ਕਿਸ ਨੇ ਕੀਤੀ ?**

ਉੱਤਰ: ਲੇਕ ਵਾਲੇਸ਼ਾ ਅਤੇ ਸੋਲੀਡੈਰਟੀ ਸੰਘ ਨੇ।

**5.ਭਾਰਤ ਵਿੱਚ ਸਰਵ ਵਿਆਪਕ ਬਾਲਗ ਮੱਤ ਅਧਿਕਾਰ ਕਦੋਂ ਦਿੱਤਾ ਗਿਆ ?**

ਉੱਤਰ : 1950 ਈ. ਵਿੱਚ।

**6.ਕਿਹੜੇ ਦੋ ਵੱਡੇ ਮਹਾਂਦੀਪ ਬਸਤੀਵਾਦ ਦਾ ਸ਼ਿਕਾਰ ਰਹੇ ?**

ਉੱਤਰ : ਏਸ਼ੀਆ ਅਤੇ ਅਫ਼ਰੀਕਾ ਮਹਾਂਦੀਪ।

**7. ਦੱਖਣੀ ਅਫ਼ਰੀਕਾ ਮਹਾਂਦੀਪ ਦੇ ਦੇਸ਼ ਘਾਨਾ ਨੂੰ ਕਦੋਂ ਆਜ਼ਾਦੀ ਪ੍ਰਾਪਤ ਹੋਈ ?**

ਉੱਤਰ: 1957 ਈ. ਵਿੱਚ।

**8.ਅੰਤਰ-ਰਾਸ਼ਟਰੀ ਮੁਦਰਾ ਕੋਸ਼ ਸੰਸਥਾ ਕੀ ਕੰਮ ਕਰਦੀ ਹੈ ?**

ਉੱਤਰ : ਇਹ ਵੱਖ- ਵੱਖ ਦੇਸ਼ਾਂ ਨੂੰ ਵਿਕਾਸ ਦੇ ਲਈ ਪੈਸਾ ਕਰਜ਼ੇ ਦੇ ਰੂਪ ਵਿੱਚ ਦਿੰਦੀ ਹੈ।

**9.ਸੰਯੁਕਤ ਰਾਸ਼ਟਰ ਸੰਘ ਵਿੱਚ ਕਿੰਨ੍ਹੇ ਦੇਸ਼ ਮੈਂਬਰ ਹਨ ?**

ਉੱਤਰ: 193 ਦੇਸ਼।

**10.ਦੁਨੀਆਂ ਭਰ ਵਿਚ ਪ੍ਰਚੱਲਿਤ ਸ਼ਾਸਨ ਪ੍ਰਣਾਲੀਆਂ ਦੇ ਨਾਂ ਦੱਸੋ।**

ਉੱਤਰ: ਰਾਜਤੰਤਰ, ਤਾਨਾਸ਼ਾਹੀ, ਲੋਕਤੰਤਰ, ਸੈਨਿਕ ਤਾਨਾਸ਼ਾਹੀ, ਸੱਤਾਵਾਦੀ, ਸਰਵ-ਸੱਤਾਵਾਦੀ।

**11. 'ਡੈਮੋਕ੍ਰੇਸੀ' ਕਿਹੜੇ ਦੋ ਸ਼ਬਦਾਂ ਤੋਂ ਬਣਿਆ ਹੈ?**

ਉੱਤਰ: ਡੈਮੋਕਰੇਸੀ ਯੂਨਾਨੀ ਭਾਸ਼ਾ ਦੇ ਦੋ ਸ਼ਬਦਾਂ 'Demos' ਅਤੇ 'Cratia' ਤੋਂ ਮਿਲ ਕੇ ਬਣਿਆ ਹੈ। Demos ਦਾ ਅਰਥ ਹੈ 'ਲੋਕ' ਅਤੇ Cratia ਦਾ ਅਰਥ ਹੈ 'ਸ਼ਾਸਨ' ਅਰਥਾਤ ਲੋਕਾਂ ਦਾ ਸ਼ਾਸਨ।

**12.ਲੋਕਤੰਤਰ ਦੀ ਸਫ਼ਲਤਾ ਦੇ ਰਾਹ ਵਿੱਚ ਆਉਣ ਵਾਲੀਆਂ ਕੋਈ ਦੋ ਰੁਕਾਵਟਾਂ ਲਿਖੋ।**

ਉੱਤਰ: 1.ਖੇਤਰਵਾਦ 2. ਜਾਤੀਵਾਦ ਤੇ ਸੰਪਰਦਾਇਕਤਾ

**13.ਲੋਕਤੰਤਰ ਦੀ ਕੋਈ ਇੱਕ ਪਰਿਭਾਸ਼ਾ ਲਿਖੋ।**

ਉੱਤਰ: ਇਬਰਾਹਿਮ ਲਿੰਕਨ ਦੇ ਅਨੁਸਾਰ- "ਲੋਕਤੰਤਰ ਲੋਕਾਂ ਦੀ, ਲੋਕਾਂ ਲਈ ਅਤੇ ਲੋਕਾਂ ਰਾਹੀਂ ਚੁਣੀ ਹੋਈ ਸਰਕਾਰ ਹੈ"।

**14.ਲੋਕਤੰਤਰ ਲਈ ਕੋਈ ਦੋ ਜ਼ਰੂਰੀ ਸ਼ਰਤਾਂ ਲਿਖੋ।**

ਉੱਤਰ: 1. ਆਰਥਿਕ ਸਮਾਨਤਾ 2.ਸਮਾਜਿਕ ਸਮਾਨਤਾ।

**15.ਲੋਕਤੰਤਰ ਦੇ ਦੋ ਰੂਪ ਕਿਹੜੇ ਹਨ?**

ਉੱਤਰ: ਪ੍ਰਤੱਖ ਲੋਕਤੰਤਰ ਤੇ ਅਪ੍ਰਤੱਖ ਲੋਕਤੰਤਰ

**16.ਸਾਡਾ ਦੇਸ਼ ਕਦੋਂ ਆਜ਼ਾਦ ਹੋਇਆ?**

ਉੱਤਰ- 15 ਅਗਸਤ 1947 ਈ. ਨੂੰ।

**17. ਭਾਰਤ ਦੇ ਸੰਵਿਧਾਨ ਨੂੰ ਬਣਾਉਣ ਲਈ ਕਿੰਨ੍ਹਾਂ ਸਮਾਂ ਲੱਗਾ?**

ਉੱਤਰ- 2 ਸਾਲ 11 ਮਹੀਨੇ 18 ਦਿਨ।

**18. ਸੰਵਿਧਾਨ ਬਣਾਉਣ ਵਾਲੀ ਸਭਾ ਦੇ ਕੁੱਲ ਮੈਂਬਰ ਕਿੰਨ੍ਹੇ ਸਨ?**

ਉੱਤਰ- 389 ਮੈਂਬਰ ।

**19. ਭਾਰਤੀ ਸੰਵਿਧਾਨ ਦੀਆਂ ਕੋਈ ਦੋ ਇਕਾਤਮਕ ਵਿਸ਼ੇਸ਼ਤਾਵਾਂ ਲਿਖੋ।**

ਉੱਤਰ- 1.ਇਕਹਿਰੀ ਨਾਗਰਿਕਤਾ 2. ਇਕਹਿਰੀ ਨਿਆਂਪਾਲਿਕਾ

**20. ਭਾਰਤ ਦੇ ਸੰਵਿਧਾਨ ਦੀਆਂ ਕੋਈ ਦੋ ਸੰਘਾਤਮਕ ਵਿਸ਼ੇਸ਼ਤਾਵਾਂ ਲਿਖੋ।**

ਉੱਤਰ- 1.ਸੰਵਿਧਾਨ ਦੀ ਸਰਵਉੱਚਤਾ 2. ਕੇਂਦਰ ਅਤੇ ਰਾਜਾਂ ਵਿੱਚ ਸ਼ਕਤੀਆਂ ਦੀ ਵੰਡ।

**21.ਭਾਰਤ ਦੇ ਸੰਵਿਧਾਨ ਦੀ ਪ੍ਰਸਤਾਵਨਾ ਕਿਹੜੇ ਸ਼ਬਦਾਂ ਨਾਲ ਸ਼ੁਰੂ ਹੁੰਦੀ ਹੈ?**

ਉੱਤਰ- ਅਸੀਂ ਭਾਰਤ ਦੇ ਲੋਕ ।

**22. 1976 ਵਿੱਚ 42ਵੀਂ ਸੋਧ ਦੁਆਰਾ ਭਾਰਤ ਦੇ ਸੰਵਿਧਾਨ ਵਿੱਚ ਕਿਹੜੇ ਨਵੇਂ ਸ਼ਬਦ ਜੋੜੇ ਗਏ ?**

ਉੱਤਰ- ਸਮਾਜਵਾਦ, ਧਰਮ ਨਿਰਪੱਖਤਾ ਤੇ ਅਖੰਡਤਾ।

**23. ਸੰਵਿਧਾਨ ਸਭਾ ਦੇ ਪ੍ਰਧਾਨ ਕੌਣ ਸਨ ?**

ਉੱਤਰ- ਡਾ. ਰਾਜਿੰਦਰ ਪ੍ਰਸਾਦ।

**24.ਸੰਵਿਧਾਨ ਲਿਖਣ ਵਾਲੀ ਕਮੇਟੀ ਦੇ ਪ੍ਰਧਾਨ ਕੌਣ ਸਨ?**

ਉੱਤਰ -ਡਾ. ਬੀ.ਆਰ.ਅੰਬੇਦਕਰ।

**25.ਵਿਧਾਨ ਸਭਾ ਲਈ ਚੁਣੇ ਗਏ ਪ੍ਰਤੀਨਿਧ ਨੂੰ ਕੀ ਕਹਿੰਦੇ ਹਨ?**

ਉੱਤਰ- ਐੱਮ.ਐੱਲ. ਏ (M.L.A.)

**26.ਚੋਣ ਵਿਧੀਆਂ ਦੇ ਨਾਂ ਲਿਖੋ ।**

ਉੱਤਰ- ਪ੍ਰਤੱਖ ਅਤੇ ਅਪ੍ਰਤੱਖ ।

**27.ਭਾਰਤ ਵਿੱਚ ਚੋਣਾਂ ਕਰਵਾਉਣ ਵਾਲੀ ਸੰਸਥਾ ਦਾ ਕੀ ਨਾਂ ਹੈ ?**

ਉੱਤਰ- ਚੋਣ ਕਮਿਸ਼ਨ।

**28.ਚੋਣਾਂ ਦੇ ਝਗੜਿਆਂ ਸੰਬੰਧੀ ਉਜ਼ਰਦਾਰੀ ਜਾਂ ਯਾਚਿਕਾ ਕਿੱਥੇ ਕੀਤੀ ਜਾ ਸਕਦੀ ਹੈ?**

ਉੱਤਰ- ਉੱਚ ਅਦਾਲਤ ਵਿੱਚ।

**29.ਚੋਣ ਕਮਿਸ਼ਨ ਦੇ ਕੋਈ ਦੋ ਕੰਮ ਦੱਸੋ ?**

ਉੱਤਰ-1.ਵੋਟਰ ਸੂਚੀਆਂ ਤਿਆਰ ਕਰਵਾਉਣਾ। 2.ਚੋਣ ਮਿਤੀਆਂ ਦਾ ਐਲਾਨ ਕਰਨਾ ।

**30.ਪੰਜਾਬ ਵਿਧਾਨ ਸਭਾ ਦੀਆਂ ਕਿੰਨ੍ਹੀਆਂ ਸੀਟਾਂ ਹਨ? ਜਾਂ ਵਿਧਾਨ ਸਭਾ ਲਈ ਕਿੰਨ੍ਹੇ ਚੋਣ ਖੇਤਰ ਹਨ?**

ਉੱਤਰ- 117 ਸੀਟਾਂ ।

**31.ਮੁੱਖ ਚੋਣ ਕਮਿਸ਼ਨਰ ਤੇ ਡਿਪਟੀ ਚੋਣ ਕਮਿਸ਼ਨਰਾਂ ਦੇ ਅਹੁਦੇ ਦੀ ਮਿਆਦ ਕਿੰਨ੍ਹੀ ਹੈ?**

ਉੱਤਰ- 6 ਸਾਲ ਜਾਂ 65 ਸਾਲ ਤੱਕ ਦੀ ਉਮਰ ਤੱਕ ।

**32.ਮੌਲਿਕ ਅਧਿਕਾਰ ਸੰਵਿਧਾਨ ਦੇ ਕਿਹੜੇ ਭਾਗ ਵਿੱਚ ਅੰਕਿਤ ਹਨ ?**

ਉੱਤਰ -ਤੀਜੇ ਭਾਗ ਵਿੱਚ ।

**33.ਸੰਪਤੀ ਦਾ ਮੌਲਿਕ ਅਧਿਕਾਰ ,ਮੌਲਿਕ ਅਧਿਕਾਰਾਂ ਦੀ ਸੂਚੀ ਵਿੱਚੋਂ ਕਦੋਂ ਤੇ ਕਿਸ ਸੋਧ ਦੁਆਰਾ ਖਾਰਜ ਕੀਤਾ ਗਿਆ?**

ਉੱਤਰ -1978 ਈ. ਵਿੱਚ 44ਵੀਂ ਸੰਵਿਧਾਨਿਕ ਸੋਧ ਦੁਆਰਾ ।

**34.ਕੋਈ ਦੋ ਮੌਲਿਕ ਅਧਿਕਾਰ ਦੱਸੋ ਜਿਹੜੇ ਵਿਦੇਸ਼ੀਆਂ ਨੂੰ ਵੀ ਪ੍ਰਾਪਤ ਹਨ ?**

ਉੱਤਰ -ਕਾਨੂੰਨ ਸਾਹਮਣੇ ਸਮਾਨਤਾ ਅਤੇ ਧਾਰਮਿਕ ਆਜ਼ਾਦੀ ਦਾ ਅਧਿਕਾਰ ।

**35.ਬੱਚਿਆਂ ਦੇ ਸਿੱਖਿਆ ਦੇ ਅਧਿਕਾਰ ਨੂੰ ਮੌਲਿਕ ਅਧਿਕਾਰਾਂ ਨਾਲ ਸੰਬੰਧਿਤ ਕਿਹੜੇ ਅਨੁਛੇਦ ਅਧੀਨ ਦਰਜ ਕੀਤਾ ਗਿਆ ਹੈ ?**

ਉੱਤਰ - ਅਨੁਛੇਦ 21-ਏ ।

**36.ਮੌਲਿਕ ਅਧਿਕਾਰ ਕਿਹੜੇ ਅਨੁਛੇਦ ਤੋਂ ਕਿਹੜੇ ਅਨੁਛੇਦ ਤੱਕ ਦਰਜ ਹਨ?**

ਉੱਤਰ -ਅਨੁਛੇਦ 14-32 ਤੱਕ ।

**37.ਛੂਆ- ਛੂਤ ਦੇ ਖ਼ਾਤਮੇ ਲਈ ਭਾਰਤੀ ਸੰਵਿਧਾਨ ਦੇ ਕਿਹੜੇ ਅਨੁਛੇਦ ਅਧੀਨ ਵਿਵਸਥਾ ਕੀਤੀ ਗਈ ਹੈ ?**

ਉੱਤਰ-ਅਨੁਛੇਦ 17 ਅਧੀਨ ।

**ਤਿੰਨ ਅੰਕ ਵਾਲੇ ਮਹੱਤਵਪੂਰਨ ਪ੍ਰਸ਼ਨ:-**

**1. ਸਰਵ ਵਿਆਪਕ ਬਾਲਗ ਮੱਤ ਅਧਿਕਾਰ ਤੋਂ ਕੀ ਭਾਵ ਹੈ?**

ਉੱਤਰ : ਸਾਰੇ ਨਾਗਰਿਕਾਂ ਨੂੰ ਰੰਗ, ਨਸਲ, ਜਾਤੀ, ਜਨਮ, ਧਰਮ ਤੇ ਲਿੰਗ ਦੇ ਵਿਤਕਰੇ ਤੋਂ ਬਿਨ੍ਹਾਂ ਇਕ ਨਿਸ਼ਚਿਤ ਉਮਰ 'ਤੇ ਪਹੁੰਚਣ ਤੇ ਵੋਟ ਦਾ ਅਧਿਕਾਰ ਦੇ ਦਿੱਤਾ ਜਾਂਦਾ ਹੈ । ਇਸ ਨੂੰ ਸਰਵ ਵਿਆਪਕ ਬਾਲਗ ਮਤ ਅਧਿਕਾਰ ਕਹਿੰਦੇ ਹਨ । ਭਾਰਤ ਵਿੱਚ 18 ਸਾਲ ਦੀ ਉਮਰ ਪ੍ਰਾਪਤ ਕਰਨ ਤੋਂ ਬਾਅਦ ਸਭ ਨੂੰ ਵੋਟ ਪਾਉਣ ਦਾ ਅਧਿਕਾਰ ਦਿੱਤਾ ਗਿਆ ਹੈ।

**2. ਵੀਟੋ ਸ਼ਕਤੀ ਤੋਂ ਕੀ ਭਾਵ ਹੈ? ਸੰਯੁਕਤ ਰਾਸ਼ਟਰ ਸੰਘ ਵਿਚ ਵੀਟੋ ਸ਼ਕਤੀ ਕਿਹੜੇ -ਕਿਹੜੇ ਦੇਸ਼ਾਂ ਕੋਲ ਹੈ ?**

ਉੱਤਰ :ਵੀਟੋ ਸ਼ਕਤੀ ਦਾ ਅਰਥ ਹੈ-ਨਾਂਹ ਕਹਿਣ ਦੀ ਸ਼ਕਤੀ। ਇਸ ਦਾ ਅਰਥ ਹੈ ਕਿ ਜਿਸ ਨੂੰ ਵੀਟੋ ਸ਼ਕਤੀ ਪ੍ਰਯੋਗ ਕਰਨ ਦਾ ਅਧਿਕਾਰ ਹੋਵੇ, ਉਸ ਦੀ ਮਰਜ਼ੀ ਤੋਂ ਬਿਨ੍ਹਾਂ ਕੋਈ ਮਤਾ ਪਾਸ ਨਹੀਂ ਹੋ ਸਕਦਾ। ਸੰਯੁਕਤ ਰਾਜ ਅਮਰੀਕਾ, ਇੰਗਲੈਂਡ, ਰੂਸ, ਫਰਾਂਸ ਤੇ ਚੀਨ ਸੁਰੱਖਿਆ ਪ੍ਰੀਸ਼ਦ ਦੇ ਸਥਾਈ ਮੈਂਬਰ ਹਨ ।ਇਨ੍ਹਾਂ ਪੰਜ ਮੈਂਬਰ ਦੇਸ਼ਾਂ ਕੋਲ ਵੀਟੋ ਸ਼ਕਤੀ ਹੈ ।

3.**ਲੋਕਤੰਤਰ ਦੀ ਸਫ਼ਲਤਾ ਲਈ ਕੋਈ ਦੋ ਜ਼ਰੂਰੀ ਸ਼ਰਤਾਂ ਦਾ ਵਰਣਨ ਕਰੋ।**

**ਉੱਤਰ:1. ਰਾਜਨੀਤਿਕ ਆਜ਼ਾਦੀ:**- ਲੋਕਤੰਤਰ ਦੀ ਸਫ਼ਲਤਾ ਲਈ ਲੋਕਾਂ ਨੂੰ ਭਾਸ਼ਨ ਦੇਣ, ਵਿਚਾਰ ਪ੍ਰਗਟਾਉਣ, ਇਕੱਠੇ ਹੋਣ ਤੇ ਸੰਘ ਬਣਾਉਣ ਦੀ ਆਜ਼ਾਦੀ ਹੋਣੀ ਚਾਹੀਦੀ ਹੈ।

**2. ਪੜ੍ਹੇ ਲਿਖੇ ਨਾਗਰਿਕ:**- ਪੜ੍ਹੇ-ਲਿਖੇ ਲੋਕ ਲੋਕਤੰਤਰ ਨੂੰ ਸਫ਼ਲ ਬਣਾਉਂਦੇ ਹਨ ਕਿਉਂਕਿ ਪੜ੍ਹੇ ਲਿਖੇ ਲੋਕ ਹੀ ਦੇਸ਼ ਦੀਆਂ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਸਮੱਸਿਆਵਾਂ ਨੂੰ ਸਮਝ ਸਕਦੇ ਹਨ ਅਤੇ ਉਨ੍ਹਾਂ ਨੂੰ ਹੱਲ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਸਕਦੇ ਹਨ।

4. **ਰਾਜਨੀਤਿਕ ਦਲਾਂ ਦੀ ਹੋਂਦ ਲੋਕਤੰਤਰ ਲਈ ਕਿਉਂ ਜ਼ਰੂਰੀ ਹੈ? ਇਸ ਕਥਨ ਦੀ ਵਿਆਖਿਆ ਕਰੋ ।**

**ਜਾਂ**

**ਰਾਜਨੀਤਿਕ ਦਲ ਲੋਕਤੰਤਰ ਦੀ ਗੱਡੀ ਦੇ ਪਹੀਏ ਹੁੰਦੇ ਹਨ। ਇਸ ਕਥਨ ਦੀ ਵਿਆਖਿਆ ਕਰੋ।**

**ਉੱਤਰ:** ਰਾਜਨੀਤਿਕ ਦਲ ਲੋਕਤੰਤਰ ਦੀ ਗੱਡੀ ਦੇ ਪਹੀਏ ਹੁੰਦੇ ਹਨ। ਵੱਖ-ਵੱਖ ਵਿਚਾਰ ਹੋਣ ਦੇ ਕਾਰਨ ਹੀ ਵੱਖ-ਵੱਖ ਰਾਜਨੀਤਿਕ ਦਲ ਸਮਾਜ ਵਿੱਚ ਹੋਂਦ ਵਿੱਚ ਆਉਂਦੇ ਹਨ। ਰਾਜਨੀਤਿਕ ਪਾਰਟੀਆਂ ਅਜਿਹੇ ਯੰਤਰ ਹਨ ਜਿਨ੍ਹਾਂ ਦੁਆਰਾ ਵੱਖ ਵੱਖ ਵਿਚਾਰਾਂ ਨੂੰ ਸਮਾਜ ਵਿੱਚ ਪ੍ਰਗਟ ਕੀਤਾ ਜਾਂਦਾ ਹੈ। ਫਿਰ ਇਸ ਨੂੰ ਰਾਜ ਪੱਧਰ 'ਤੇ ਪ੍ਰਗਟ ਕੀਤਾ ਜਾਂਦਾ ਹੈ। ਰਾਜਨੀਤਿਕ ਦਲ ਲੋਕਤੰਤਰ ਵਿੱਚ ਲੋਕਾਂ ਅਤੇ ਸਰਕਾਰ ਦੇ ਵਿਚਕਾਰ ਪੁਲ ਦਾ ਕੰਮ ਕਰਦੇ ਹਨ।

**5. ਭਾਰਤ ਦੇ ਸੰਵਿਧਾਨ ਦੀ ਪ੍ਰਸਤਾਵਨਾ ਕਿਹੜੇ-ਕਿਹੜੇ ਮੂਲ ਉਦੇਸ਼ਾਂ ਤੇ ਚਾਨਣਾ ਪਾਉਂਦੀ ਹੈ?**

ਉੱਤਰ-1.ਪ੍ਰਸਤਾਵਨਾ ਭਾਰਤ ਨੂੰ ਇਕ ਸੰਪੂਰਨ ਪ੍ਰਭੂਸੱਤਾ ਸੰਪਨ, ਸਮਾਜਵਾਦੀ, ਲੋਕਤੰਤਰੀ, ਧਰਮ ਨਿਰਪੱਖ, ਗਣਰਾਜ ਘੋਸ਼ਿਤ ਕਰਦੀ ਹੈ।

2. ਸਾਰੇ ਨਾਗਰਿਕਾਂ ਨੂੰ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਨਿਆਂ ਦੇਣਾ ਯਕੀਨੀ ਬਣਾਉਂਦੀ ਹੈ।

3. ਇਹ ਸਾਰੇ ਨਾਗਰਿਕਾਂ ਨੂੰ ਅਵਸਰ ਅਤੇ ਰੁਤਬੇ ਦੀ ਸਮਾਨਤਾ ਦਾ ਉਦੇਸ਼ ਦਰਸਾਉਂਦੀ ਹੈ ।

4. ਇਹ ਸਾਰੇ ਨਾਗਰਿਕਾਂ ਨੂੰ ਵਿਚਾਰ ਪ੍ਰਗਟਾਉਣ, ਵਿਸ਼ਵਾਸ ਤੇ ਧਰਮ ਦੀ ਉਪਾਸਨਾ ਦੀ ਆਜ਼ਾਦੀ ਦੇਣਾ ਯਕੀਨੀ ਬਣਾਉਂਦੀ ਹੈ ।

5. ਇਹ ਵਿਅਕਤੀਗਤ ਗੌਰਵ, ਰਾਸ਼ਟਰ ਦੀ ਏਕਤਾ ਤੇ ਅਖੰਡਤਾ ਦੇ ਆਦਰਸ਼ ਨੂੰ ਕਾਇਮ ਰੱਖਣ ਦੀ ਘੋਸ਼ਣਾ ਕਰਦੀ ਹੈ।

**6. ਭਾਰਤ ਦੇ ਧਰਮ ਨਿਰਪੱਖ ਦੇਸ਼ ਹੋਣ ਦੇ ਪੱਖ ਵਿੱਚ ਦਲੀਲਾਂ ਦਿਓ ।**

ਉੱਤਰ-1. ਭਾਰਤ ਵਿੱਚ ਕਿਸੇ ਵੀ ਧਰਮ ਨੂੰ ਰਾਜ ਧਰਮ ਕਰਾਰ ਨਹੀਂ ਦਿੱਤਾ ਗਿਆ ।

2. ਸਰਕਾਰ ਦੁਆਰਾ ਸਾਰੇ ਧਰਮਾਂ ਨੂੰ ਬਰਾਬਰ ਮੰਨਿਆ ਜਾਂਦਾ ਹੈ ।

3. ਭਾਰਤ ਵਿੱਚ ਹਰ ਇੱਕ ਵਿਅਕਤੀ ਨੂੰ ਧਾਰਮਿਕ ਆਜ਼ਾਦੀ ਦਿੱਤੀ ਗਈ ਹੈ। ਉਹ ਆਪਣੀ ਇੱਛਾ ਅਨੁਸਾਰ ਧਾਰਮਿਕ ਵਿਸ਼ਵਾਸ ਰੱਖ ਸਕਦਾ ਹੈ ਤੇ ਉਪਾਸਨਾ ਕਰ ਸਕਦਾ ਹੈ ।

4. ਧਰਮ ਦੇ ਅਧਾਰ 'ਤੇ ਕਿਸੇ ਵੀ ਵਿੱਦਿਅਕ ਸੰਸਥਾ ਨਾਲ ਵਿਤਕਰਾ ਨਹੀਂ ਕੀਤਾ ਜਾਂਦਾ।

**7. ਸਰਵ ਵਿਆਪਕ ਬਾਲਗ ਮੱਤ ਅਧਿਕਾਰ ਤੋਂ ਕੀ ਭਾਵ ਹੈ ?**

ਉੱਤਰ-ਭਾਰਤ ਦਾ ਸੰਵਿਧਾਨ ਸਾਰੇ ਬਾਲਗ ਨਾਗਰਿਕਾਂ ਨੂੰ ਵੋਟ ਦਾ ਅਧਿਕਾਰ ਪ੍ਰਦਾਨ ਕਰਦਾ ਹੈ। ਵੋਟ ਦਾ ਅਧਿਕਾਰ 18 ਜਾਂ ਇਸ ਤੋਂ ਉੱਪਰ ਦੀ ਉਮਰ ਦੇ ਨਾਗਰਿਕਾਂ ਨੂੰ ਪ੍ਰਦਾਨ ਕੀਤਾ ਗਿਆ ਹੈ। ਇਹ ਅਧਿਕਾਰ ਜਾਤੀ, ਧਰਮ, ਨਸਲ, ਜਨਮ ਅਸਥਾਨ 'ਤੇ ਲਿੰਗ ਦੇ ਵਿਤਕਰੇ ਤੋਂ ਬਿਨ੍ਹਾਂ ਪ੍ਰਦਾਨ ਕੀਤਾ ਗਿਆ ਹੈ।

**8.ਭਾਰਤ ਦੇ ਸੰਵਿਧਾਨ ਦੀਆਂ ਕੋਈ ਚਾਰ ਇਕਾਤਮਕ ਵਿਸ਼ੇਸ਼ਤਾਵਾਂ ਲਿਖੋ।**

ਉੱਤਰ-1.ਇਕਹਿਰੀ ਨਾਗਰਿਕਤਾ।

2. ਇਕਹਿਰਾ ਸੰਵਿਧਾਨ।

3. ਰਾਸ਼ਟਰਪਤੀ ਦੀਆਂ ਸੰਕਟਕਾਲੀਨ ਸ਼ਕਤੀਆਂ।

4.ਸੰਸਦ ਦੁਆਰਾ ਰਾਜਾਂ ਦੀਆਂ ਹੱਦਾਂ ਤੇ ਨਾਵਾਂ ਵਿੱਚ ਤਬਦੀਲੀ ਕਰਨ ਦੀ ਸ਼ਕਤੀ।

**9.ਚੋਣਾਂ ਦਾ ਲੋਕਤੰਤਰੀ ਦੇਸ਼ਾਂ ਵਿੱਚ ਕੀ ਮਹੱਤਵ ਹੈ ?**

ਉੱਤਰ-1.ਚੋਣਾਂ ਤੋਂ ਬਾਅਦ ਬਹੁਮਤ ਪ੍ਰਾਪਤ ਕਰਨ ਵਾਲੇ ਦਲ ਦੀ ਸਰਕਾਰ ਬਣਦੀ ਹੈ ।

2.ਚੋਣਾਂ ਦੁਆਰਾ ਬੜੇ ਸ਼ਾਂਤੀਪੂਰਵਕ ਢੰਗ ਨਾਲ ਸਰਕਾਰ ਨੂੰ ਬਦਲ ਦਿੱਤਾ ਜਾਂਦਾ ਹੈ ।

3.ਚੁਣੀ ਹੋਈ ਸਰਕਾਰ ਵਿੱਚ ਲੋਕ ਕਾਨੂੰਨਾਂ ਦੀ ਪਾਲਣਾ ਵਧੇਰੇ ਕਰਦੇ ਹਨ ।

4.ਚੋਣਾਂ ਰਾਹੀਂ ਲੋਕਾਂ ਨੂੰ ਰਾਜਨੀਤਿਕ ਸਿੱਖਿਆ ਮਿਲਦੀ ਹੈ ।

5.ਚੋਣਾਂ ਸਮਾਜ ਵਿੱਚ ਸਮਾਨਤਾ ਲਿਆਉਂਦੀਆਂ ਹਨ ।

**10.ਚੋਣ ਮੁਹਿੰਮ ਤੋਂ ਕੀ ਭਾਵ ਹੈ ?**

ਉੱਤਰ -ਨਾਮਜ਼ਦਗੀ ਪੱਤਰ ਵਾਪਸ ਲੈਣ ਦੀ ਆਖ਼ਰੀ ਮਿਤੀ ਤੋਂ ਬਾਅਦ ਰਾਜਨੀਤਿਕ ਦਲਾਂ ਨੂੰ ਚੋਣ ਪ੍ਰਚਾਰ ਕਰਨ ਲਈ 20 ਦਿਨ ਜਾਂ ਇਸ ਤੋਂ ਘੱਟ ਦਾ ਸਮਾਂ ਦਿੱਤਾ ਜਾਂਦਾ ਹੈ। ਇਸ ਸਮੇਂ ਦੌਰਾਨ ਚੋਣ ਲੜ ਰਹੇ ਰਾਜਨੀਤਿਕ ਦਲ ਆਪਣੇ-ਆਪਣੇ ਉਮੀਦਵਾਰਾਂ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਦੇ ਹਨ। ਵੋਟਰਾਂ ਨੂੰ ਲੁਭਾਉਣ ਲਈ ਰਾਜਨੀਤਿਕ ਦਲ ਆਪਣਾ ਚੋਣ ਮਨੋਰਥ ਪੱਤਰ ਜਨਤਾ ਸਾਹਮਣੇ ਰੱਖਦੇ ਹਨ। ਜਿਸ ਵਿੱਚ ਜਨਤਾ ਨਾਲ ਵੱਡੇ-ਵੱਡੇ ਵਾਅਦੇ ਕੀਤੇ ਜਾਂਦੇ ਹਨ। ਵੋਟਾਂ ਪੈਣ ਦੀ ਮਿਤੀ ਤੋਂ 48 ਘੰਟੇ ਪਹਿਲਾਂ ਚੋਣ ਪ੍ਰਚਾਰ ਬੰਦ ਕਰ ਦਿੱਤਾ ਜਾਂਦਾ ਹੈ।

**11.ਸਮਾਨਤਾ ਦੇ ਅਧਿਕਾਰ ਦੀ ਸੰਖੇਪ ਵਿਆਖਿਆ ਕਰੋ ।**

ਉੱਤਰ-ਭਾਰਤੀ ਸੰਵਿਧਾਨ ਦੇ ਅਨੁਛੇਦ 14 ਤੋਂ 18 ਤੱਕ ਸਮਾਨਤਾ ਦੇ ਅਧਿਕਾਰ ਨੂੰ ਦਰਜ ਕੀਤਾ ਗਿਆ ਹੈ ਜਿਸ ਅਨੁਸਾਰ -

1. ਅਨੁਛੇਦ 14 ਅਧੀਨ, ਸਾਰੇ ਨਾਗਰਿਕ ਕਾਨੂੰਨ ਦੇ ਸਾਹਮਣੇ ਸਮਾਨ ਮੰਨੇ ਜਾਂਦੇ ਹਨ ।

2.ਅਨੁਛੇਦ 15 ਅਧੀਨ, ਹਰ ਤਰ੍ਹਾਂ ਦੇ ਵਿਤਕਰੇ ਦੀ ਮਨਾਹੀ ਕੀਤੀ ਗਈ ਹੈ ।

3.ਅਨੁਛੇਦ 16, ਅਧੀਨ ਸਰਕਾਰੀ ਨੌਕਰੀਆਂ ਵਿਚ ਯੋਗਤਾ ਅਨੁਸਾਰ ਬਰਾਬਰ ਦੇ ਮੌਕੇ ਦੇਣ ਦੀ ਵਿਵਸਥਾ ਕੀਤੀ ਗਈ ਹੈ ।

4.ਅਨੁਛੇਦ 17,ਅਨੁਸਾਰ ਸਦੀਆਂ ਤੋਂ ਚਲੀ ਆ ਰਹੀ ਛੂਆ- ਛੂਤ ਦੀ ਸਮਾਜਿਕ ਬੁਰਾਈ ਨੂੰ ਖਤਮ ਕਰਨ ਦੀ ਵਿਵਸਥਾ ਕੀਤੀ ਗਈ ਹੈ।

5.ਅਨੁਛੇਦ 18, ਅਧੀਨ ਸੈਨਿਕ ਤੇ ਵਿੱਦਿਅਕ ਖ਼ਿਤਾਬਾਂ ਨੂੰ ਛੱਡ ਕੇ ਬਾਕੀ ਸਾਰੇ ਤਰ੍ਹਾਂ ਦੇ ਖ਼ਿਤਾਬ ਖ਼ਤਮ ਕਰ ਦਿੱਤੇ ਗਏ ਹਨ ।

**12.ਨਿਆਂਪਾਲਿਕਾ ਦੀ ਨਿਆਂਇਕ ਪੁਨਰ- ਨਿਰੀਖਣ ਦੀ ਸ਼ਕਤੀ 'ਤੇ ਨੋਟ ਲਿਖੋ ?**

ਉੱਤਰ -ਇਸ ਦਾ ਅਰਥ ਹੈ ਕਿ ਨਿਆਂਪਾਲਿਕਾ ਕੋਲ ਵਿਧਾਨ ਮੰਡਲ ਦੇ ਪਾਸ ਕੀਤੇ ਕਾਨੂੰਨਾਂ ਤੇ ਕਾਰਜਪਾਲਿਕਾ ਦੇ ਜਾਰੀ ਕੀਤੇ ਆਦੇਸ਼ਾਂ ਨੂੰ ਸੰਵਿਧਾਨਿਕ ਕਸੌਟੀ ਤੋਂ ਪਰਖਣ ਦੀ ਸ਼ਕਤੀ ਹੈ। ਜੇਕਰ ਵਿਧਾਨ ਮੰਡਲ ਦਾ ਪਾਸ ਕੀਤਾ ਕਾਨੂੰਨ ਜਾਂ ਕਾਰਜਪਾਲਿਕਾ ਦਾ ਜਾਰੀ ਕੀਤਾ ਆਦੇਸ਼ ਸੰਵਿਧਾਨਿਕ ਵਿਵਸਥਾ ਦੀ ਉਲੰਘਣਾ ਕਰਦਾ ਹੋਵੇ ਤਾਂ ਨਿਆਂਪਾਲਿਕਾ ਅਜਿਹੇ ਕਾਨੂੰਨ ਜਾਂ ਆਦੇਸ਼ ਨੂੰ ਰੱਦ ਕਰ ਸਕਦੀ ਹੈ ।ਨਿਆਂਪਾਲਿਕਾ ਦੀ ਇਹ

ਸ਼ਕਤੀ ਯਕੀਨੀ ਬਣਾਉਂਦੀ ਹੈ ਕਿ ਕੇਂਦਰ ਤੇ ਰਾਜ ਸਰਕਾਰਾਂ ਆਪਣੇ -ਆਪਣੇ ਅਧਿਕਾਰ ਖੇਤਰ ਵਿੱਚ ਰਹਿ ਕੇ ਕੰਮ ਕਰਨ ਤੇ ਨਾਗਰਿਕਾਂ ਦੇ ਮੌਲਿਕ ਅਧਿਕਾਰ ਦੀ ਉਲੰਘਣਾ ਨਾ ਹੋ ਸਕੇ ।

**13.ਨਿਆਂਪਾਲਿਕਾ ਨੂੰ ਸੁਤੰਤਰ ਬਣਾਉਣ ਲਈ ਭਾਰਤ ਦੇ ਸੰਵਿਧਾਨ ਵਿੱਚ ਕੀ ਵਿਵਸਥਾਵਾਂ ਕੀਤੀਆਂ ਗਈਆਂ ਹਨ ?**

ਉੱਤਰ -1.ਸੁਪਰੀਮ ਕੋਰਟ ਦੇ ਜੱਜਾਂ ਦੀ ਨਿਯੁਕਤੀ ਰਾਸ਼ਟਰਪਤੀ ਦੁਆਰਾ ਯੋਗਤਾਵਾਂ ਦੇ ਆਧਾਰ 'ਤੇ ਕੀਤੀ ਜਾਂਦੀ ਹੈ। ਨਿਯੁਕਤੀ ਕਰਦੇ ਸਮੇਂ ਰਾਸ਼ਟਰਪਤੀ ਆਪਣੀ ਮਨਮਾਨੀ ਨਹੀਂ ਕਰ ਸਕਦਾ ।

2.ਜੱਜਾਂ ਨੂੰ ਹਟਾਉਣ ਦੀ ਵਿਧੀ ਕਠਿਨ ਹੈ ।

3.ਜੱਜਾਂ ਨੂੰ ਅਹੁਦੇ ਤੋਂ ਰਾਸ਼ਟਰਪਤੀ ਦੁਆਰਾ ਤਾਂ ਹੀ ਹਟਾਇਆ ਜਾ ਸਕਦਾ ਹੈ ਜੇਕਰ ਸੰਸਦ ਦੇ ਦੋਵੇਂ ਸਦਨ ਉਨ੍ਹਾਂ ਵਿਰੁੱਧ ਹਾਜ਼ਰ ਤੇ ਵੋਟ ਦੇਣ ਵਾਲਿਆਂ ਦੇ ਦੋ ਤਿਹਾਈ ਮੱਤ ਨਾਲ ਤੇ ਕੁੱਲ ਮੈਂਬਰਾਂ ਦੇ ਬਹੁਮਤ ਨਾਲ ਦੋਸ਼ ਮਤਾ ਪਾਸ ਹੋ ਜਾਵੇ ।

4.ਸੁਪਰੀਮ ਕੋਰਟ ਦੇ ਜੱਜਾਂ ਦੀ ਤਨਖ਼ਾਹ ਅਤੇ ਭੱਤੇ ਉਨ੍ਹਾਂ ਦੇ ਕਾਰਜਕਾਲ ਦੌਰਾਨ ਘਟਾਏ ਨਹੀਂ ਜਾ ਸਕਦੇ।

5.ਸੁਪਰੀਮ ਕੋਰਟ ਆਪਣੇ ਪ੍ਰਬੰਧਕੀ ਅਮਲੇ ਦੀ ਭਰਤੀ ਤੇ ਸੇਵਾ ਸ਼ਰਤਾਂ ਲਈ ਸੁਤੰਤਰ ਹੈ।

6.ਸੁਪਰੀਮ ਕੋਰਟ ਦੇ ਰਿਟਾਇਰਡ ਜੱਜ ਕਿਸੇ ਵੀ ਅਦਾਲਤ ਵਿਚ ਵਕਾਲਤ ਨਹੀਂ ਕਰ ਸਕਦੇ।

**14.ਧਾਰਮਿਕ ਆਜ਼ਾਦੀ ਦੇ ਮੌਲਿਕ ਅਧਿਕਾਰ ਦੀ ਵਿਆਖਿਆ ਕਰੋ ।**

ਉੱਤਰ -ਧਾਰਮਿਕ ਆਜ਼ਾਦੀ ਦਾ ਅਧਿਕਾਰ ਮੌਲਿਕ ਅਧਿਕਾਰਾਂ ਦੀ ਸੂਚੀ ਵਿੱਚ ਅਨੁਛੇਦ 25 ਤੋਂ 28 ਤੱਕ ਦਰਜ ਹੈ।

1.ਅਨੁਛੇਦ 25 ਸਾਰੇ ਵਿਅਕਤੀਆਂ ਨੂੰ ਕੋਈ ਵੀ ਧਰਮ ਅਪਨਾਉਣ, ਵਿਸ਼ਵਾਸ ਅਤੇ ਭਗਤੀ ਦੀ ਆਜ਼ਾਦੀ ਪ੍ਰਦਾਨ ਕਰਦਾ ਹੈ ।

ਧਾਰਮਿਕ ਆਜ਼ਾਦੀ ਦਾ ਅਧਿਕਾਰ ਭਾਰਤ ਵਿੱਚ ਰਹਿ ਰਹੇ ਵਿਦੇਸ਼ੀਆਂ ਨੂੰ ਵੀ ਸਮਾਨ ਰੂਪ ਵਿੱਚ ਪ੍ਰਾਪਤ ਹੈ ।

2.ਅਨੁਛੇਦ 26 ਲੋਕਾਂ ਨੂੰ ਆਪਣੇ ਧਰਮ ਦਾ ਪ੍ਰਚਾਰ ਕਰਨ, ਧਾਰਮਿਕ ਸੰਸਥਾਵਾਂ ਸਥਾਪਤ ਕਰਨ, ਉਸ ਵਿੱਚ ਚੱਲ ਤੇ ਅਚੱਲ ਸੰਪਤੀ ਰੱਖਣ ਤੇ ਉਸ ਦਾ ਪ੍ਰਬੰਧ ਕਰਨ ਦੀ ਆਜ਼ਾਦੀ ਦਿੰਦਾ ਹੈ।

3.ਅਨੁਛੇਦ 27 ਵਿੱਚ ਧਰਮ ਦੇ ਨਾਂ 'ਤੇ ਚੰਦਾ ਲੈਣ ਦੀ ਮਨਾਹੀ ਕੀਤੀ ਗਈ ਹੈ ।

4.ਅਨੁਛੇਦ 28 ਅਧੀਨ ਵਿੱਦਿਅਕ ਸੰਸਥਾਵਾਂ ਵਿੱਚ ਧਾਰਮਿਕ ਸਿੱਖਿਆ ਦੇਣ ਦੀ ਮਨਾਹੀ ਕੀਤੀ ਗਈ ਹੈ। ਨਿੱਜੀ ਖੇਤਰ ਦੀਆਂ ਵਿੱਦਿਅਕ ਸੰਸਥਾਵਾਂ ਧਾਰਮਿਕ ਸਿੱਖਿਆ ਦੇ ਸਕਦੀਆਂ ਹਨ। ਪਰ ਕਿਸੇ ਵੀ ਬੱਚੇ ਨੂੰ ਧਾਰਮਿਕ ਸਿੱਖਿਆ ਲੈਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ।

**15.ਭਾਰਤ ਦੇ ਨਾਗਰਿਕਾਂ ਨੂੰ ਅਨੁਛੇਦ-19 ਅਧੀਨ ਕਿਹੜੀਆਂ-ਕਿਹੜੀਆਂ ਸੁਤੰਤਰਤਾਵਾਂ ਪ੍ਰਾਪਤ ਹਨ ?**

ਉੱਤਰ- 1.ਵਿਚਾਰ ਪ੍ਰਗਟਾਉਣ ਅਤੇ ਭਾਸ਼ਣ ਦੇਣ ਦੀ ਆਜ਼ਾਦੀ । 2.ਬਿਨ੍ਹਾਂ ਹਥਿਆਰਾਂ ਤੋਂ ਇਕੱਠੇ ਹੋਣ ਦੀ ਆਜ਼ਾਦੀ।

3.ਭਾਰਤ ਵਿੱਚ ਘੁੰਮਣ-ਫਿਰਨ ਦੀ ਆਜ਼ਾਦੀ। 4.ਸੰਘ ਅਤੇ ਯੂਨੀਅਨ ਬਣਾਉਣ ਦੀ ਆਜ਼ਾਦੀ।

5.ਦੇਸ਼ ਦੇ ਕਿਸੇ ਵਿਭਾਗ ਵਿੱਚ ਨਿਵਾਸ ਅਸਥਾਨ ਬਣਾਉਣ ਦੀ ਆਜ਼ਾਦੀ। 6.ਕੋਈ ਕਿੱਤਾ, ਵਪਾਰ, ਧੰਦਾ ਕਰਨ ਦੀ ਆਜ਼ਾਦੀ।

**16. ਸ਼ੋਸ਼ਣ ਵਿਰੁੱਧ ਅਧਿਕਾਰ ਦੀ ਵਿਆਖਿਆ ਕਰੋ।**

ਉੱਤਰ- 1.ਅਨੁਛੇਦ 23 ਹਰ ਕਿਸਮ ਦੀ ਬੰਧੂਆ ਮਜ਼ਦੂਰੀ, ਬੇਗਾਰ ਤੇ ਮਨੁੱਖਾਂ ਦੇ ਵਪਾਰ ਨੂੰ ਰੋਕਦਾ ਹੈ। ਕਾਨੂੰਨ ਅਨੁਸਾਰ ਇਹਨਾਂ ਅਪਰਾਧਾਂ ਦੀ ਸਜ਼ਾ ਦਿੱਤੀ ਜਾਂਦੀ ਹੈ।

2. ਅਨੁਛੇਦ 24 ਬੱਚਿਆਂ ਦੀ ਸੁਰੱਖਿਆ ਲਈ ਹੈ ।

3.14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੋਂ ਫੈਕਟਰੀਆਂ ,ਖਾਣਾਂ ਤੇ ਹੋਰ ਜ਼ੋਖਿਮ ਭਰੇ ਸਥਾਨਾਂ ਤੇ ਕੰਮ ਲੈਣ ਤੇ ਰੋਕ ਲਗਾਈ ਗਈ ਹੈ ।

**17. ਮੌਲਿਕ ਅਧਿਕਾਰ ਮੌਲਿਕ ਕਿਵੇਂ ਹਨ ? ਆਪਣੇ ਉੱਤਰ ਦੀ ਪ੍ਰੋੜਤਾ ਦਿਓ ।**

ਉੱਤਰ -1.ਇਹ ਅਧਿਕਾਰ ਮਨੁੱਖ ਦੇ ਸਰਵਪੱਖੀ ਵਿਕਾਸ ਲਈ ਜ਼ਰੂਰੀ ਹਨ ।

2.ਇਹਨਾਂ ਅਧਿਕਾਰਾਂ ਨੂੰ ਸੰਵਿਧਾਨ ਵਿੱਚ ਅੰਕਿਤ ਕਰ ਦਿੱਤਾ ਗਿਆ ਹੈ ।

3.ਜੇਕਰ ਸਰਕਾਰ ਦੁਆਰਾ ਪਾਸ ਕੀਤਾ ਕੋਈ ਕਾਨੂੰਨ ਮੌਲਿਕ ਅਧਿਕਾਰਾਂ ਦੀ ਉਲੰਘਣਾ ਕਰਦਾ ਹੈ ਤਾਂ ਨਿਆਂਪਾਲਿਕਾ ਅਜਿਹੇ ਕਾਨੂੰਨ ਨੂੰ ਰੱਦ ਕਰ ਸਕਦੀ ਹੈ ।

4.ਸੰਵਿਧਾਨਕ ਉਪਚਾਰਾਂ ਦਾ ਅਧਿਕਾਰ ਮੌਲਿਕ ਅਧਿਕਾਰਾਂ ਨੂੰ ਅਦਾਲਤਾਂ ਦੁਆਰਾ ਲਾਗੂ ਕਰਵਾਉਣ ਦੀ ਸ਼ਕਤੀ ਦਿੰਦਾ ਹੈ।

5.ਭਾਰਤ ਦੀ ਸੰਸਦ ਆਮ ਕਾਨੂੰਨ ਪਾਸ ਕਰਨ ਦੀ ਵਿਧੀ ਦੁਆਰਾ ਮੌਲਿਕ ਅਧਿਕਾਰਾਂ ਵਿੱਚ ਸੋਧ ਨਹੀਂ ਕਰ ਸਕਦੀ।

## ਸਰੋਤ ਅਧਾਰਿਤ ਪ੍ਰਸ਼ਨ (ਅਭਿਆਸ)

1. ਮਨੁੱਖੀ ਸੰਸਾਧਨ ਉਹ ਮਨੁੱਖੀ ਸ਼ਕਤੀ ਹੈ, ਜੋ ਆਪਣੇ ਗਿਆਨ, ਕੌਸ਼ਲ, ਤਜ਼ਰਬੇ ਅਤੇ ਕਾਰਜਕੁਸ਼ਲਤਾ ਰਾਹੀਂ ਕਿਸੇ ਦੇਸ਼ ਦੀ ਆਰਥਿਕ ਅਤੇ ਸਮਾਜਿਕ ਤਰੱਕੀ ਵਿੱਚ ਯੋਗਦਾਨ ਪਾਉਂਦਾ ਹੈ। ਮਨੁੱਖੀ ਸੰਸਾਧਨ ਹੋਰ ਸੰਸਾਧਨਾਂ ਤੋਂ ਇਸ ਲਈ ਵੱਖਰਾ ਹੈ ਕਿਉਂਕਿ ਇਹ ਸਿਰਫ਼ ਉਪਲੱਬਧ ਨਹੀਂ ਹੁੰਦਾ, ਸਗੋਂ ਸਿੱਖਿਆ, ਸਿਹਤ ਅਤੇ ਤਕਨੀਕ ਰਾਹੀਂ ਵਿਕਸਤ ਕੀਤਾ ਜਾਂਦਾ ਹੈ। ਮਨੁੱਖੀ ਸੰਸਾਧਨ ਦਾ ਵਿਕਾਸ ਮਨੁੱਖ ਨੂੰ ਉਤਪਾਦਕ ਬਣਾਉਂਦਾ ਹੈ ਅਤੇ ਦੇਸ਼ ਦੀ ਉਤਪਾਦਕ ਸਮਰੱਥਾ ਨੂੰ ਵਧਾਉਂਦਾ ਹੈ। ਸਿੱਖਿਆ, ਮਨੁੱਖੀ ਸੰਸਾਧਨ ਦੇ ਵਿਕਾਸ ਦਾ ਮੁੱਖ ਸਾਧਨ ਹੈ ਕਿਉਂਕਿ ਇਹ ਵਿਅਕਤੀ ਨੂੰ ਗਿਆਨ, ਕੌਸ਼ਲ ਅਤੇ ਸਮਝ ਪ੍ਰਦਾਨ ਕਰਦੀ ਹੈ। ਇਸੇ ਤਰ੍ਹਾਂ, ਚੰਗੀ ਸਿਹਤ ਮਨੁੱਖ ਦੀ ਕੰਮ ਕਰਨ ਦੀ ਸਮਰੱਥਾ ਨੂੰ ਬਰਕਰਾਰ ਰੱਖਦੀ ਹੈ। ਜਿਹੜੇ ਦੇਸ਼ ਸਿੱਖਿਆ ਅਤੇ ਸਿਹਤ 'ਤੇ ਵਧੇਰੇ ਨਿਵੇਸ਼ ਕਰਦੇ ਹਨ, ਉਹਨਾਂ ਦੀ ਆਰਥਿਕ ਵਿਕਾਸ ਦਰ ਉੱਚੀ ਹੁੰਦੀ ਹੈ। ਇਸ ਕਰਕੇ ਮਨੁੱਖੀ ਸੰਸਾਧਨ ਨੂੰ ਦੇਸ਼ ਦੇ ਵਿਕਾਸ ਦੀ ਰੀੜ੍ਹ ਦੀ ਹੱਡੀ ਮੰਨਿਆ ਜਾਂਦਾ ਹੈ।

1. ਮਨੁੱਖੀ ਸੰਸਾਧਨ ਨੂੰ ਹੋਰ ਸੰਸਾਧਨਾਂ ਤੋਂ ਵੱਖਰਾ ਕਿਉਂ ਮੰਨਿਆ ਜਾਂਦਾ ਹੈ? (1)
2. ਪੈਰਾ ਦੇ ਆਧਾਰ 'ਤੇ ਮਨੁੱਖੀ ਸੰਸਾਧਨ ਦੇ ਵਿਕਾਸ ਦੇ ਦੋ ਮੁੱਖ ਸਾਧਨ ਲਿਖੋ। (1)
3. ਸਿੱਖਿਆ ਮਨੁੱਖੀ ਸੰਸਾਧਨ ਦੇ ਵਿਕਾਸ ਵਿੱਚ ਕਿਹੜੀ ਭੂਮਿਕਾ ਨਿਭਾਂਦੀ ਹੈ? (1)
4. ਕਿਉਂ ਕਿਹਾ ਜਾਂਦਾ ਹੈ ਕਿ ਮਨੁੱਖੀ ਸੰਸਾਧਨ ਦੇਸ਼ ਦੇ ਵਿਕਾਸ ਦੀ ਰੀੜ੍ਹ ਦੀ ਹੱਡੀ ਹੈ? ਸਪੱਸ਼ਟ ਕਰੋ।(1)

2. ਅਲਪ-ਵਿਕਸਤ ਦੇਸ਼ਾਂ ਵਿੱਚ ਵਧੇਰੇ ਲੋਕ ਉਦਯੋਗ ਅਤੇ ਦੂਜੇ ਖੇਤਰਾਂ ਵਿੱਚ ਰੁਜ਼ਗਾਰ ਦੀ ਘਾਟ ਕਾਰਨ ਆਪਣੇ ਪਰਿਵਾਰ ਦੇ ਖੇਤਾਂ ਵਿੱਚ ਹੀ ਕੰਮ ਕਰਦੇ ਰਹਿੰਦੇ ਹਨ। ਜੇਕਰ ਇਹਨਾਂ ਵਿੱਚੋਂ ਕੁੱਝ ਲੋਕਾਂ ਨੂੰ ਕੰਮ ਤੋਂ ਹਟਾ ਵੀ ਲਿਆ ਜਾਵੇ ਤਾਂ ਉਤਪਾਦਨ ਵਿੱਚ ਕੋਈ ਅੰਤਰ ਨਹੀਂ ਆਉਂਦਾ। ਇਸ ਲਈ ਉਹ ਲੋਕ ਵੇਖਣ ਵਿੱਚ ਤਾਂ ਰੁਜ਼ਗਾਰ ਵਿੱਚ ਲੱਗੇ ਹੋਏ ਨਜ਼ਰ ਆਉਂਦੇ ਹਨ, ਪਰੰਤੂ ਉਹਨਾਂ ਦੀ ਬੇਰੁਜ਼ਗਾਰੀ ਛੁਪੀ ਹੋਈ ਹੁੰਦੀ ਹੈ। ਪੂਰਨ ਰੁਜ਼ਗਾਰ ਉਹ ਹਾਲਤ ਹੈ ਜਿਸ ਵਿੱਚ ਉਹ ਸਾਰੇ ਲੋਕ ਜੋ ਮਜ਼ਦੂਰੀ ਦੀਆਂ ਵਰਤਮਾਨ ਦਰਾਂ 'ਤੇ ਕੰਮ ਕਰਨ ਦੀ ਇੱਛੁਕ ਹੋਣ ਅਤੇ ਉਹਨਾਂ ਨੂੰ ਬਿਨ੍ਹਾਂ ਕਿਸੇ ਔਕੜ ਦੇ ਕੰਮ ਮਿਲ ਜਾਵੇ। ਅਣ-ਇੱਛੁਕ ਬੇਰੁਜ਼ਗਾਰੀ, ਉਹ ਹਾਲਾਤ ਹੈ ਜਿਸ ਵਿੱਚ ਕਿਰਤੀ ਮਜ਼ਦੂਰੀ ਦੀ ਵਰਤਮਾਨ ਦਰ 'ਤੇ ਕੰਮ ਕਰਨ ਲਈ ਤਿਆਰ ਹੋਣ ਪਰ ਉਹਨਾਂ ਨੂੰ ਕੰਮ ਨਾ ਮਿਲੇ। ਇਸੇ ਪ੍ਰਕਾਰ ਜਦੋਂ ਕਿਰਤੀ ਮਜ਼ਦੂਰੀ ਦੀ ਵਰਤਮਾਨ ਦਰ ਤੇ ਕੰਮ ਕਰਨ ਲਈ ਤਿਆਰ ਨਾ ਹੋ ਜਾਂ ਕੰਮ ਹੋਣ ਦੇ ਬਾਵਜੂਦ ਵੀ ਉਹ ਆਪਣੀ ਸਵੈ-ਇੱਛਾ ਨਾਲ ਕੰਮ ਨਾ ਕਰਨਾ ਚਾਹੁੰਦੇ ਹੋਣ ਤਾਂ ਅਜਿਹੀ ਬੇਰੁਜ਼ਗਾਰੀ ਨੂੰ ਇੱਛੁਕ ਬੇਰੁਜ਼ਗਾਰੀ ਆਖਿਆ ਜਾਂਦਾ ਹੈ। ਸੰਘਰਸ਼ਾਤਮਿਕ ਬੇਰੁਜ਼ਗਾਰੀ ਵਿੱਚ ਕੱਚੇ ਮਾਲ ਦੀ ਘਾਟ, ਮਜ਼ਦੂਰਾਂ ਦੀ ਗਤੀਹੀਣਤਾ, ਵਿਸ਼ੇਸ਼ ਕਿਸਮਾਂ ਦੇ ਰੁਜ਼ਗਾਰ ਸੰਬੰਧੀ ਮੌਕਿਆਂ ਦੀ ਘਾਟ ਹੋਣ ਕਾਰਨ ਜਾਂ ਮਸ਼ੀਨਾਂ ਦੀ ਟੁੱਟ-ਭੱਜ ਕਾਰਨ ਪੈਦਾ ਹੁੰਦੀ ਹੈ। ਮੌਸਮੀ ਬੇਰੁਜ਼ਗਾਰੀ ਮੌਸਮ, ਫੈਸ਼ਨ ਅਤੇ ਰੁਚੀ ਸੰਬੰਧੀ ਪਰਿਵਰਤਨਾਂ ਕਾਰਨ ਪੈਦਾ ਹੁੰਦੀ ਹੈ ਅਤੇ ਜੋ ਬੇਰੁਜ਼ਗਾਰੀ ਉਤਪਾਦਨ ਦੀਆਂ ਤਕਨੀਕਾਂ ਵਿੱਚ ਹੋਣ ਵਾਲੇ ਪਰਿਵਰਤਨਾਂ ਦੇ ਕਾਰਨ ਪੈਦਾ ਹੁੰਦੀ ਹੈ ਉਸ ਨੂੰ ਤਕਨੀਕੀ ਬੇਰੁਜ਼ਗਾਰੀ ਕਿਹਾ ਜਾਂਦਾ ਹੈ।

**ਉਪਰੋਕਤ ਪੈਰੇ ਨੂੰ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-**

1: ਛੁਪੀ ਬੇਰੁਜ਼ਗਾਰੀ ਤੋਂ ਤੁਸੀਂ ਕੀ ਸਮਝਦੇ ਹੋ ? (1)

2:ਅਣ-ਇੱਛੁਕ ਬੇਰੁਜ਼ਗਾਰੀ ਅਤੇ ਇੱਛੁਕ ਬੇਰੁਜ਼ਗਾਰੀ ਵਿੱਚ ਅੰਤਰ ਸ਼ਪੱਸਟ ਕਰੋ? (1)

3:ਪੂਰਨ ਰੁਜ਼ਗਾਰ ਤੋਂ ਕੀ ਭਾਵ ਹੈ? (1)

4:ਸੰਘਰਸ਼ਾਤਮਿਕ ਬੇਰੁਜ਼ਗਾਰੀ ਦੇ ਕੀ ਕਾਰਨ ਹੋ ਸਕਦੇ ਹਨ? (1)

3. ਅੰਨ ਸੁਰੱਖਿਆ ਦਾ ਅਰਥ ਹੈ—ਦੇਸ਼ ਦੇ ਹਰ ਨਾਗਰਿਕ ਨੂੰ ਹਰ ਸਮੇਂ ਜ਼ਰੂਰੀ ਮਾਤਰਾ ਵਿੱਚ ਸਸਤਾ, ਪੌਸ਼ਟਿਕ ਅਤੇ ਸੁਰੱਖਿਅਤ ਭੋਜਨ ਉਪਲੱਬਧ ਹੋਣਾ। ਭਾਰਤ ਵਿੱਚ ਅੰਨ ਸੁਰੱਖਿਆ ਇੱਕ ਮਹੱਤਵਪੂਰਨ ਸਮਾਜਿਕ ਅਤੇ ਆਰਥਿਕ ਚੁਣੌਤੀ ਰਹੀ ਹੈ ਕਿਉਂਕਿ ਇੱਥੇ ਵੱਡੀ ਜਨਸੰਖਿਆ ਗਰੀਬੀ ਅਤੇ ਬੇਰੁਜ਼ਗਾਰੀ ਨਾਲ ਜੂਝ ਰਹੀ ਹੈ। ਅੰਨ ਦੀ ਉਪਲੱਬਧਤਾ, ਪਹੁੰਚ ਅਤੇ ਇਸ ਦੀ ਵਰਤੋਂ—ਇਹ ਤਿੰਨ ਅੰਨ ਸੁਰੱਖਿਆ ਦੇ ਮੁੱਖ ਅੰਗ ਹਨ।

ਭਾਰਤ ਸਰਕਾਰ ਅੰਨ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਕਈ ਕਦਮ ਚੁੱਕਦੀ ਰਹੀ ਹੈ। ਘੱਟੋ-ਘੱਟ ਸਮਰਥਨ ਮੁੱਲ (MSP) ਰਾਹੀਂ ਕਿਸਾਨਾਂ ਤੋਂ ਅੰਨ ਦੀ ਖਰੀਦ ਕੀਤੀ ਜਾਂਦੀ ਹੈ ਅਤੇ ਭਾਰਤੀ ਖਾਦ ਨਿਗਮ (FCI) ਦੁਆਰਾ ਅੰਨ ਦਾ ਭੰਡਾਰਨ ਕੀਤਾ ਜਾਂਦਾ ਹੈ। ਜਨ ਵੰਡ ਪ੍ਰਣਾਲੀ (PDS) ਰਾਹੀਂ ਗਰੀਬ ਵਰਗਾਂ ਨੂੰ ਸਸਤੇ ਭਾਅ 'ਤੇ ਅਨਾਜ ਪ੍ਰਦਾਨ ਕੀਤਾ ਜਾਂਦਾ ਹੈ। 2013 ਵਿੱਚ ਲਾਗੂ ਕੀਤੇ ਗਏ ਰਾਸ਼ਟਰੀ ਅੰਨ ਸੁਰੱਖਿਆ ਅਧਿਨਿਯਮ ਦਾ ਮਕਸਦ ਦੇਸ਼ ਦੇ ਵੱਡੇ ਹਿੱਸੇ ਨੂੰ ਕਾਨੂੰਨੀ ਤੌਰ 'ਤੇ ਭੋਜਨ ਦਾ ਅਧਿਕਾਰ ਪ੍ਰਦਾਨ ਕਰਨਾ ਹੈ। ਇਸ ਤਰ੍ਹਾਂ ਅੰਨ ਸੁਰੱਖਿਆ ਭਾਰਤ ਵਿੱਚ ਭੁੱਖ ਅਤੇ ਕੁਪੋਸ਼ਣ ਨੂੰ ਘਟਾਉਣ ਵਿੱਚ ਅਹੰਕਾਰਪੂਰਕ ਭੂਮਿਕਾ ਨਿਭਾਂਦੀ ਹੈ।

1. ਅੰਨ ਸੁਰੱਖਿਆ ਤੋਂ ਤੁਸੀਂ ਕੀ ਸਮਝਦੇ ਹੋ? (1)
2. ਅੰਨ ਸੁਰੱਖਿਆ ਦੇ ਤਿੰਨ ਮੁੱਖ ਅੰਗ ਕਿਹੜੇ ਹਨ? (1)
3. ਭਾਰਤ ਸਰਕਾਰ ਵੱਲੋਂ ਅੰਨ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਚੁੱਕੇ ਗਏ ਦੋ ਕਦਮ ਲਿਖੋ।(1)
4. ਰਾਸ਼ਟਰੀ ਅੰਨ ਸੁਰੱਖਿਆ ਅਧਿਨਿਯਮ, 2013 ਦੀ ਮਹੱਤਤਾ ਸਪਸ਼ਟ ਕਰੋ। (1)

4. ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਭਾਰਤ ਨੂੰ ਪ੍ਰਭੂਸੱਤਾ ਸੰਪੰਨ, ਸਮਾਜਵਾਦੀ, ਧਰਮ ਨਿਰਪੱਖ ਅਤੇ ਲੋਕਤੰਤਰੀ ਗਣਰਾਜ ਘੋਸ਼ਿਤ ਕੀਤਾ ਗਿਆ ਹੈ। ਲੋਕਤੰਤਰ ਨੂੰ ਅੰਗਰੇਜ਼ੀ ਵਿਚ ਡੈਮੋਕ੍ਰੇਸੀ ਕਿਹਾ ਜਾਂਦਾ ਹੈ। ਡੈਮੋਕ੍ਰੇਸੀ ਗਰੀਕ ਭਾਸ਼ਾ ਦੇ ਦੋ ਸ਼ਬਦਾਂ-ਡਿਮੋਸ ਅਤੇ ਕ੍ਰੇਤੀਆ ਨਾਲ ਮਿਲ ਕੇ ਬਣਿਆ ਹੈ। ਡਿਮੋਸ ਦਾ ਅਰਥ ਲੋਕ ਅਤੇ ਕ੍ਰੇਤੀਆ ਦਾ ਭਾਵ ਸਾਸ਼ਨ ਹੁੰਦਾ ਹੈ। ਡੈਮੋਕ੍ਰੇਸੀ ਦਾ ਸ਼ਾਬਦਿਕ ਅਰਥ ਲੋਕਾਂ ਦਾ ਸ਼ਾਸਨ ਹੈ। ਲੋਕਤੰਤਰ ਵਿੱਚ ਲੋਕ, ਆਪਣੇ ਆਪ 'ਤੇ ਸ਼ਾਸਨ ਆਪ ਕਰਦੇ ਹਨ। ਲੋਕਤੰਤਰ ਸੁਤੰਤਰਤਾ, ਸਮਾਨਤਾ, ਭਾਈਚਾਰਾ, ਕਾਨੂੰਨ ਦਾ ਸ਼ਾਸਨ, ਉੱਤਰਦਾਈ ਸਰਕਾਰ, ਨਿਯਤਕਾਰੀ ਚੋਣਾਂ, ਬਹੁਮੱਤ ਦਾ ਸ਼ਾਸਨ, ਨਾਗਰਿਕਾਂ ਦੇ ਅਧਿਕਾਰ ਅਤੇ ਸੁਤੰਤਰ ਤੇ ਨਿਰਪੱਖ ਨਿਆਂਪਾਲਿਕਾ ਦੀ ਸਥਾਪਨਾ ਦੇ ਸਿਧਾਂਤਾਂ 'ਤੇ ਅਧਾਰਿਤ ਹੈ। ਲੋਕਤੰਤਰ ਵਿੱਚ ਸਾਰੇ ਵਿਅਕਤੀਆਂ ਨੂੰ ਵਿਚਾਰ ਪ੍ਰਗਟਾਉਣ, ਆਲੋਚਨਾ ਕਰਨ ਤੇ ਦੂਜਿਆਂ ਨਾਲ ਅਸਹਿਮਤ ਹੋਣ ਦਾ ਅਧਿਕਾਰ ਹੁੰਦਾ ਹੈ ਅਤੇ ਲੋਕਤੰਤਰ ਨਿਸ਼ਚਿਤ ਤੌਰ ਤੇ ਸ਼ਹਿਨਸ਼ੀਲਤਾ 'ਤੇ ਆਧਾਰਿਤ ਹੈ। ਲੋਕਤੰਤਰ ਮਨੁੱਖ ਦੀ ਸਖਸ਼ੀਅਤ ਤੇ ਮਾਣ-ਤਾਣ ਨੂੰ ਯਕੀਨੀ ਬਣਾਉਂਦਾ ਹੈ। ਲੋਕਤੰਤਰ ਇੱਕ ਅਜਿਹੀ ਸਰਕਾਰ ਹੈ ਜਿਸ ਵਿੱਚ ਪ੍ਰਭੂਸੱਤਾ ਜਨਤਾ ਕੋਲ ਹੁੰਦੀ ਹੈ। ਲੋਕਤੰਤਰ ਵਿੱਚ ਸਰਕਾਰਾਂ ਸੰਵਿਧਾਨ ਅਨੁਸਾਰ ਕੰਮ ਕਰਦੀਆਂ ਹਨ। ਲੋਕਤੰਤਰ ਵਿੱਚ ਝਗੜਿਆਂ ਦਾ ਹੱਲ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਪੱਧਰ 'ਤੇ ਪ੍ਰੇਰਨਾ ਅਤੇ ਸ਼ਾਂਤੀਪੂਰਨ ਢੰਗਾਂ ਦੁਆਰਾ ਲੱਭਿਆ ਜਾਂਦਾ ਹੈ।

**ਉਪਰੋਕਤ ਪੈਰੇ ਨੂੰ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-**

1:- ਲੋਕਤੰਤਰ ਸ਼ਬਦ ਕਿਸ ਭਾਸ਼ਾ ਦੇ ਸ਼ਬਦਾਂ ਤੋਂ ਮਿਲ ਕੇ ਬਣਿਆ ਹੈ?ਇਸ ਦਾ ਸ਼ਾਬਦਿਕ ਅਰਥ ਕੀ ਹੈ? (1)

2:-ਲੋਕਤੰਤਰ ਕਿੰਨ੍ਹਾਂ ਸਿਧਾਂਤਾ ਉੱਤੇ ਅਧਾਰਿਤ ਹੈ? (1)

3:-ਲੋਕਤੰਤਰੀ ਸਰਕਾਰ ਵਿੱਚ ਪ੍ਰਭੂਸੱਤਾ ਕਿਨ੍ਹਾਂ ਕੋਲ ਹੁੰਦੀ ਹੈ? (1)

4:- ਲੋਕਤੰਤਰੀ ਸਰਕਾਰ ਵਿੱਚ ਝਗੜਿਆਂ ਦਾ ਹੱਲ ਕਿਵੇਂ ਲੱਭਿਆ ਜਾਂਦਾ ਹੈ? (1)

**5.** ਸਾਡੇ ਸੰਵਿਧਾਨ ਦੀ ਇੱਕ ਮਹੱਤਵਪੂਰਨ ਵਿਸ਼ੇਸਤਾ ਇਹ ਹੈ ਕਿ ਇਸ ਦੇ ਅਧੀਨ ਸੰਘੀ ਸ਼ਾਸਨ ਪ੍ਰਣਾਲੀ ਦੀ ਸਥਾਪਨਾ ਕੀਤੀ ਗਈ ਹੈ। ਸੰਘਾਤਮਕ ਸ਼ਾਸਨ ਪ੍ਰਬੰਧ ਵਿੱਚ ਸ਼ਕਤੀਆਂ ਦੀ ਵੰਡ, ਲਿਖਤੀ ਤੇ ਕਠੋਰ ਸੰਵਿਧਾਨ, ਸੰਵਿਧਾਨ ਦੀ ਸਰਵਉੱਚਤਾ, ਸੁਤੰਤਰ ਨਿਆਂਪਾਲਿਕਾ ਅਤੇ ਦੋ ਸਦਨੀ ਵਿਧਾਨਪਾਲਿਕਾ ਅਜਿਹੇ ਲੱਛਣਾਂ ਦਾ ਹੋਣਾ ਜ਼ਰੂਰੀ ਹੁੰਦਾ ਹੈ ਅਤੇ ਭਾਰਤੀ ਸੰਵਿਧਾਨ ਵਿੱਚ ਇਹ ਸਾਰੀਆਂ ਵਿਸ਼ੇਸ਼ਤਾਵਾਂ ਮਿਲਦੀਆਂ ਹਨ। ਪਰੰਤੂ ਇਸਦੇ ਨਾਲ-ਨਾਲ ਭਾਰਤ ਦੇ ਸੰਵਿਧਾਨ ਵਿੱਚ ਕੁੱਝ ਇਕਾਤਮਕ ਵਿਸ਼ੇਸ਼ਤਾਵਾਂ ਵੀ ਪਾਈਆਂ ਜਾਂਦੀਆਂ ਹਨ। ਭਾਰਤ ਨੂੰ ਰਾਜਾਂ ਦਾ ਸੰਗਠਨ ਕਿਹਾ ਗਿਆ ਹੈ। ਸਾਰੇ ਦੇਸ਼ ਲਈ ਇੱਕੋ ਹੀ ਸੰਵਿਧਾਨ ਹੈ। ਰਾਜਾਂ ਦੇ ਆਪਣੇ ਵੱਖਰੇ ਸੰਵਿਧਾਨ ਨਹੀਂ ਹਨ। ਸੰਕਟਕਾਲੀਨ ਸਥਿਤੀ ਵਿੱਚ ਰਾਸ਼ਟਰਪਤੀ ਨੂੰ ਵਿਸ਼ੇਸ਼ ਅਧਿਕਾਰ ਦਿੱਤੇ ਗਏ ਹਨ, ਜਿਹਨਾਂ ਰਾਹੀਂ ਉਹ ਰਾਜਾਂ ਦੇ ਪ੍ਰਬੰਧ ਨੂੰ ਆਪਣੇ ਹੱਥ ਵਿੱਚ ਲੈ ਸਕਦਾ ਹੈ ਅਤੇ ਜਿਸ ਨਾਲ ਰਾਜ ਦਾ ਸਾਰਾ ਢਾਂਚਾ ਇਕਾਤਮਕ ਬਣ ਜਾਂਦਾ ਹੈ। ਭਾਰਤ ਵਿੱਚ ਇਕਹਿਰੀ ਨਾਗਰਿਕਤਾ ਦਾ ਸਿਧਾਂਤ ਅਪਣਾਇਆ ਗਿਆ ਹੈ। ਸਾਰੇ ਮਹੱਤਵਪੂਰਨ ਵਿਸ਼ੇ ਸੰਘ ਸੂਚੀ ਵਿੱਚ ਸ਼ਾਮਿਲ ਕੀਤੇ ਗਏ ਹਨ ਅਤੇ ਰਾਜ ਸਰਕਾਰਾਂ ਦੀ ਮੁਕਾਬਲੇ ਕੇਂਦਰ ਸਰਕਾਰ ਨੂੰ ਵਧੇਰੇ ਸ਼ਕਤੀਸ਼ਾਲੀ ਬਣਾਇਆ ਗਿਆ ਹੈ। ਰਾਜਪਾਲਾਂ ਦੀ ਨਿਯੁਕਤੀ

ਰਾਸ਼ਟਰਪਤੀ ਦੁਆਰਾ ਕੀਤੀ ਜਾਂਦੀ ਹੈ। ਵਿੱਤੀ ਸਹਾਇਤਾ ਲਈ ਰਾਜ, ਕੇਂਦਰ ਉੱਪਰ ਨਿਰਭਰ ਹਨ। ਭਾਰਤੀ ਸੰਵਿਧਾਨ ਵਿੱਚ ਸੁਤੰਤਰ ਨਿਆਂਪਾਲਿਕਾ ਦੀ ਵਿਵਸਥਾ ਕੀਤੀ ਗਈ ਹੈ ਅਤੇ ਨਿਆਂਪਾਲਿਕਾ ਨੂੰ ਨਿਆਂਇਕ ਪੁਨਰ-ਨਿਰੀਖਣ ਦਾ ਅਧਿਕਾਰ ਵੀ ਦਿੱਤਾ ਗਿਆ ਹੈ। ਇਸ ਅਧਿਕਾਰ ਰਾਹੀਂ ਸੁਪਰੀਮ ਕੋਰਟ ਅਤੇ ਰਾਜਾਂ ਦੀਆਂ ਹਾਈ ਕੋਰਟਾਂ ਸੰਸਦ ਜਾਂ ਰਾਜਾਂ ਦੇ ਵਿਧਾਨ ਮੰਡਲ ਦੁਆਰਾ ਪਾਸ ਕੀਤੇ ਕਿਸੇ ਵੀ ਕਾਨੂੰਨ ਨੂੰ ਗੈਰ-ਸੰਵਿਧਾਨਿਕ ਘੋਸ਼ਿਤ ਕਰਕੇ ਰੱਦ ਕਰ ਸਕਦੇ ਹਨ ਜੇਕਰ ਉਹ ਸੰਵਿਧਾਨ ਅਨੁਸਾਰ ਨਹੀਂ ਹੋਣਗੇ। ਭਾਰਤੀ ਸੰਵਿਧਾਨ ਬਣਤਰ ਵਿੱਚ ਤਾਂ ਸੰਘੀ ਹੈ ਪਰ ਭਾਵਨਾ ਵਿੱਚ ਇਕਾਤਮਕ ਹੈ।

**ਉਪਰੋਕਤ ਪੈਰੇ ਨੂੰ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-**

1: ਭਾਰਤੀ ਸੰਵਿਧਾਨ ਅਨੁਸਾਰ ਭਾਰਤ ਵਿੱਚ ਕਿਹੜੀ ਸ਼ਾਸਨ ਪ੍ਰਣਾਲੀ ਦੀ ਸਥਾਪਨਾ ਕੀਤੀ ਗਈ ਹੈ? (1)

2: ਸੰਘਾਤਮਕ ਸ਼ਾਸਨ ਪ੍ਰਬੰਧ ਦੀਆਂ ਪ੍ਰਮੁੱਖ ਵਿਸ਼ੇਸਤਾਵਾਂ ਕਿਹੜੀਆਂ-ਕਿਹੜੀਆਂ ਹਨ? (1)

3: ਭਾਰਤੀ ਸੰਵਿਧਾਨ ਦੀਆਂ ਕੋਈ ਦੋ ਇਕਾਤਮਕ ਵਿਸ਼ੇਸ਼ਤਾਵਾਂ ਦੱਸੋ? (1)

4: ਨਿਆਂਇਕ ਪੁਨਰ-ਨਿਰੀਖਣ ਦੀ ਸ਼ਕਤੀ ਤੋਂ ਕੀ ਭਾਵ ਹੈ? (1)

4. ਮਨੁੱਖੀ ਵਿਕਾਸ ਲਈ ਕੁੱਝ ਸਹੂਲਤਾਂ ਦੀ ਲੋੜ ਹੁੰਦੀ ਹੈ ਇਹ ਸਹੂਲਤਾਂ ਸਾਨੂੰ ਸਮਾਜ ਵਿੱਚੋਂ ਮਿਲ ਸਕਦੀਆਂ ਹਨ। ਇਹਨਾਂ ਸਹੂਲਤਾਂ ਨੂੰ ਹੀ ਅਧਿਕਾਰ ਕਿਹਾ ਜਾਂਦਾ ਹੈ ਅਤੇ ਅਧਿਕਾਰ ਮਨੁੱਖ ਨੂੰ ਮਾਨਵੀ ਜੀਵਨ ਜਿਉਣ ਦੇ ਯੋਗ ਬਣਾਉਂਦੇ ਹਨ। ਹਰ ਵਿਅਕਤੀ ਜੀਵਨ ਜਿਉਣ ਦੇ ਨਾਲ-ਨਾਲ ਸਤਿਕਾਰ ਵਾਲਾ ਜੀਵਨ ਵੀ ਜਿਉਣਾ ਚਾਹੁੰਦਾ ਹੈ ਇਸ ਲਈ ਉਹ ਅਧਿਕਾਰਾਂ ਦੀ ਮੰਗ ਕਰਦਾ ਹੈ। ਭਾਰਤ ਦੇ ਸੰਵਿਧਾਨ ਦੇ ਰਚਨਹਾਰਿਆਂ ਨੇ ਭਾਰਤੀ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਨੂੰ ਸੰਵਿਧਾਨ ਵਿੱਚ ਸ਼ਾਮਿਲ ਕਰਕੇ ਨਾਗਰਿਕਾਂ ਦੀ ਸ਼ਖ਼ਸੀਅਤ ਦਾ ਵਿਕਾਸ ਕਰਨ ਅਤੇ ਹਰ ਨਾਗਰਿਕ ਦੇ ਗੌਰਵ ਨੂੰ ਯਕੀਨੀ ਬਣਾਉਣ ਦੇ ਉਦੇਸ਼ਾਂ ਨੂੰ ਪੂਰੇ ਕਰਨ ਦਾ ਯਤਨ ਕੀਤਾ ਹੈ। ਕਿਸੇ ਵੀ ਦੇਸ਼ ਦੇ ਲੋਕਤੰਤਰੀ ਸਰੂਪ ਦੀ ਪੁਸ਼ਟੀ ਸਾਨੂੰ ਉਸ ਦੇਸ਼ ਵੱਲੋਂ ਦਿੱਤੇ ਜਾਣ ਵਾਲੇ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਤੋਂ ਹੋ ਜਾਂਦੀ ਹੈ। ਆਜ਼ਾਦੀ ਤੋਂ ਪਹਿਲਾਂ ਭਾਰਤੀ ਨਾਗਰਿਕਾਂ ਨੂੰ ਮੌਲਿਕ ਅਧਿਕਾਰ ਪ੍ਰਾਪਤ ਨਹੀਂ ਸਨ। ਭਾਰਤ ਦੀ ਆਜ਼ਾਦੀ ਪ੍ਰਾਪਤੀ ਦੀ ਲਹਿਰ ਵਿੱਚ ਸਮੇਂ-ਸਮੇਂ ‘ਤੇ ਮੌਲਿਕ ਅਧਿਕਾਰਾਂ ਦੀ ਮੰਗ ਕੀਤੀ ਗਈ ਸੀ। 1895 ਵਿੱਚ ਬਾਲ ਗੰਗਾਧਰ ਤਿਲਕ ਨੇ ਅੰਗਰੇਜ਼ਾਂ ਨੂੰ ਸਵਰਾਜ ਬਿਲ ਪਾਸ ਕਰਨ ਲਈ ਕਿਹਾ। ਜਿਸ ਵਿਚ ਭਾਰਤੀ ਲੋਕਾਂ ਲਈ ਵਿਚਾਰ ਪ੍ਰਗਟਾਉਣ, ਕਾਨੂੰਨ ਦੇ ਸਾਹਮਣੇ ਸਮਾਨਤਾ ਅਤੇ ਕੁੱਝ ਹੋਰ ਅਧਿਕਾਰਾਂ ਦੀ ਮੰਗ ਕੀਤੀ ਗਈ। 1828 ਈ. ਦੀ ਨਹਿਰੂ ਰਿਪੋਰਟ ਵਿੱਚ ਵੀ ਅਧਿਕਾਰਾਂ ਦੀ ਮੰਗ ਕੀਤੀ ਗਈ। ਜਿਸ ਵਿੱਚ ਮਰਦਾਂ ਅਤੇ ਔਰਤਾਂ ਲਈ ਸਮਾਨਤਾ ਦੇ ਅਧਿਕਾਰ ਵੀ ਮੰਗ ਕੀਤੀ ਗਈ ਪਰ ਅੰਗਰੇਜ਼ੀ ਹਕੂਮਤ ਨੇ ਉਕਤ ਮੰਗਾਂ ਨੂੰ ਰੱਦ ਕਰ ਦਿੱਤਾ ਸੀ।

**ਉਪਰੋਕਤ ਪੈਰੇ ਨੂੰ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-**

1:ਮਨੁੱਖ ਅਧਿਕਾਰਾਂ ਦੀ ਮੰਗ ਕਿਉਂ ਕਰਦਾ ਹੈ? (1)

2:ਭਾਰਤੀ ਸੰਵਿਧਾਨ ਦੇ ਰਚਨਹਾਰਿਆਂ ਨੇ ਮੌਲਿਕ ਅਧਿਕਾਰਾਂ ਨੂੰ ਸੰਵਿਧਾਨ ਵਿੱਚ ਸ਼ਾਮਲ ਕਰਕੇ, ਨਾਗਰਿਕਾਂ ਦੇ ਕਿਸ ਉਦੇਸ਼ ਨੂੰ ਪੂਰਾ ਕੀਤਾ? (1)

3: ਕਿਸੇ ਦੇਸ਼ ਦੇ ਲੋਕਤੰਤਰੀ ਸਰੂਪ ਦੀ ਪੁਸ਼ਟੀ ਅਸੀਂ ਕਿਵੇਂ ਕਰ ਸਕਦੇ ਹਾਂ? (1)

4: ਬਾਲ ਗੰਗਾਧਰ ਤਿਲਕ ਨੇ ਸਵਰਾਜ ਬਿੱਲ ਵਿੱਚ ਕਿਹੜੇ ਅਧਿਕਾਰਾਂ ਦੀ ਮੰਗ ਕੀਤੀ ਸੀ? (1)

## ਨਕਸ਼ਾ ਅਭਿਆਸ

1. ਭਾਰਤ ਦੇ ਨਕਸ਼ੇ ਵਿੱਚ ਕਰਕ ਰੇਖਾ, ਪੰਜਾਬੀ ਭਾਸ਼ਾ ਬੋਲਣ ਵਾਲੇ ਦੋ ਰਾਜ, ਚੰਡੀਗੜ੍ਹ ਅਤੇ ਸਾਰਕ ਦੇਸ਼ ਦਰਸਾਓ।
2. ਨਵੇਂ ਪੰਜਾਬ ਦੇ ਨਕਸ਼ੇ ਵਿੱਚ 23 ਜ਼ਿਲ੍ਹੇ ਅੰਕਿਤ ਕਰੋ।
3. ਨਵੇਂ ਪੰਜਾਬ ਦੇ ਨਕਸ਼ੇ ਵਿੱਚ ਕੌਮਾਂਤਰੀ ਸਰਹੱਦ ਨਾਲ ਪੈਂਦੇ ਜ਼ਿਲ੍ਹੇ ਅੰਕਿਤ ਕਰੋ।
4.ਭਾਰਤ ਦੇ ਨਕਸ਼ੇ ਵਿੱਚ ਕਰਾਕੋਰਮ, ਪੀਰ ਪੰਜਾਲ, ਸਤਪੁੜਾ ਪਰਬਤ, ਗਾਰੋ ਅਤੇ ਪਟਕਈ ਬਮ, ਸ਼ਿਵਾਲਿਕ ਦੀਆਂ ਪਹਾੜੀਆਂ, ਧੋਲਗਿਰੀ, ਕੰਚਨਜੰਗਾ, ਗੌਡਵਿਨ ਆਸਟੋਨ, ਗੁਰੂ ਸ਼ਿਖਰ ਅੰਕਿਤ ਕਰੋ।
5. ਭਾਰਤ ਦੇ ਨਕਸ਼ੇ ਵਿੱਚ ਮਾਲਵਾ ਪਠਾਰ, ਤੇਲੰਗਾਨਾ ਪਠਾਰ, ਛੋਟਾ ਨਾਗਪੁਰ ਦੀ ਪਠਾਰ, ਜ਼ੋਜੀਲਾ ਦਰ੍ਹਾ, ਨਾਥੂਲਾ, ਸਿਪਕੀ ਲਾ ਅਤੇ ਜਾਲੇਪ ਲਾ ਅੰਕਿਤ ਕਰੋ।
6. ਭਾਰਤ ਦੇ ਨਕਸ਼ੇ ਵਿੱਚ ਕੁਦਰਤੀ ਬਨਸਪਤੀ, ਮਾਰੂਥਲੀ ਬਨਸਪਤੀ ਅਤੇ ਜਵਾਰੀ ਬਨਸਪਤੀ ਵਾਲੇ ਸਥਾਨ ਅੰਕਿਤ ਕਰੋ।

7. ਭਾਰਤ ਦੇ ਨਕਸ਼ੇ ਵਿੱਚ ਕੌਮੀ ਪਾਰਕ ਅੰਕਿਤ ਕਰੋ।

8. ਭਾਰਤ ਦੇ ਨਕਸ਼ੇ ਵਿੱਚ ਸਭ ਤੋਂ ਵੱਧ ਜਨਸੰਖਿਆ ਵਾਲਾ ਰਾਜ, ਸਭ ਤੋਂ ਘੱਟ ਜਨਸੰਖਿਆ ਵਾਲਾ ਰਾਜ, ਪ੍ਰਤੀ ਵਰਗ ਕਿ.ਮੀ 1000 ਤੋਂ ਵੱਧ ਵਸੋਂ ਘਣਤਾ ਵਾਲਾ ਰਾਜ ਅਤੇ ਪ੍ਰਤੀ ਵਰਗ ਕਿ.ਮੀ. 100 ਤੋਂ ਘੱਟ ਵਸੋਂ ਘਣਤਾ ਵਾਲਾ ਰਾਜ ਭਰੋ।

9. ਯੂਰਪ ਦੇ ਨਕਸ਼ੇ ਵਿੱਚ ਫਰਾਂਸੀਸੀ ਕ੍ਰਾਂਤੀ ਦੇ ਸਥਾਨ ਭਰੋ।

10. 1947 ਈ. ਤੋਂ ਪਹਿਲਾਂ ਦੇ ਪੰਜਾਬ ਦੇ ਨਕਸ਼ੇ ਵਿੱਚ ਦੱਰੇ ਅਤੇ ਨਦੀਆਂ ਭਰੋ।

**ਨਕਸ਼ਿਆਂ ਦੇ ਅਭਿਆਸ ਲਈ ਇਸ QR CODE ਨੂੰ SCAN ਕਰੋ।**

MGSS9PM

**ਯੋਗਦਾਨ**: ਹਰਦਵਿੰਦਰ ਸਿੰਘ (ਲੈਕ. ਅੰਗਰੇਜ਼ੀ) SOE for Girls ਚਮਕੌਰ ਸਾਹਿਬ, ਰੂਪਨਗਰ
ਰਣਜੀਤ ਕੌਰ (ਲੈਕ. ਇਤਿਹਾਸ) ਸ.ਸ.ਸ.ਸਕੂਲ ਛੀਨਾ ਬੇਟ, ਗੁਰਦਾਸਪੁਰ ਅਤੇ
ਮਨਦੀਪ ਕੌਰ (ਸ.ਸ.ਮਿਸਟ੍ਰੈਸ) ਸ.ਕੰ.ਸ.ਸ.ਸ.ਦਾਖਾ, ਲੁਧਿਆਣਾ।